Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact :
647-951-7900
SUKHWINDER NAHAL CFP, CLU
Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 21* Issue 58 | Thursday, March 24, 2022 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Online ਵੀ ਪੜ੍ਹ ਸਕਦੇ ਹੋ

## ਗਿਫਟ ਕਾਰਡ ਫਰਾਡ ਸਕੀਮ ਦੇ ਸਬੰਧ ਵਿੱਚ 2 ਨੂੰ ਕੀਤਾ ਗਿਆ ਚਾਰਜ




ਦਰਹਾਮ, 23 ਮਾਰਚ (ਪੋਸਟ ਬਿਊਰੋ) : ਇੱਕ ਰੀਟੇਲ ਕਾਰਪੋਰੇਸ਼ਨ ਨੂੰ ਨਿਸ਼ਾਨਾ ਬਣਾਉਣ ਵਾਲੇ ਕਥਿਤ ਗਿਫਟ ਕਾਰਡ ਫਰਾਡ ਤੋਂ ਬਾਅਦ ਦਰਹਾਮ ਪੁਲਿਸ ਨੇ ਦੋ ਵਿਅਕਤੀਆਂ ਨੂੰ ਚਾਰਜ ਕੀਤਾ ਹੈ।

ਪੁਲਿਸ ਨੇ ਦੱਸਿਆ ਕਿ ਉਨ੍ਹਾਂ 2019 ਵਿੱਚ ਉਸ ਸਮੇਂ ਜਾਂਚ ਸ਼ੁਰੂ ਕੀਤੀ ਸੀ ਜਦੋਂ ਇੱਕ ਗੁੰਮਨਾਮ ਰੀਟੇਲਰ ਨੇ 200,000 ਡਾਲਰ ਤੋਂ ਵੀ ਵੱਧ ਦੀਆਂ ਧੋਖਾਧੜੀ ਵਾਲੀਆਂ ਰਿਟਰਨਜ਼ ਬਾਰੇ ਰਿਪੋਰਟ ਕੀਤਾ। ਇਸ ਸਬੰਧ ਵਿੱਚ ਦੋ ਮਸ਼ਕੂਕਾਂ ਦੀ ਪਛਾਣ ਕੀਤੀ ਗਈ ਤੇ 22 ਮਾਰਚ, 2022 ਨੂੰ ਵ੍ਹਿਟਬੀ ਦੇ ਇੱਕ ਘਰ ਦੀ ਸਰਚ ਵਾਰੰਟ ਕਢਵਾ ਕੇ ਤਲਾਸ਼ੀ ਲਈ ਗਈ।

ਇੱਕ ਰਲੀਜ਼ ਵਿੱਚ ਪੁਲਿਸ ਨੇ ਦੱਸਿਆ ਕਿ ਜਾਂਚਕਾਰਾਂ ਨੂੰ ਇਸ ਪ੍ਰਾਪਰਟੀ ਤੋਂ 30,000 ਡਾਲਰ ਬਰਾਮਦ ਹੋਏ ਤੇ ਇਸ ਤੋਂ ਇਲਾਵਾ 20,000 ਡਾਲਰ ਦੇ ਗਿਫਟ ਕਾਰਡਜ਼, ਜੋ ਕਿ ਇਨ੍ਹਾਂ ਮਸ਼ਕੂਕਾਂ ਦਾ ਸ਼ਿਕਾਰ ਬਣੇ ਵਿਅਕਤੀ ਦੀ ਕੰਪਨੀ ਨਾਲ ਸਬੰਧਤ ਸਨ, ਵੀ ਮਿਲੇ। ਇਸ ਸਬੰਧ ਵਿੱਚ ਵ੍ਹਿਟਬੀ ਦੇ ਸ਼ੇਨ ਫੁੱਲਵੁੱਡ ਤੇ ਜੁਲੀਆਨਾ ਤਾਲੇਵਸਕੀ, ਦੋਵਾਂ ਦੀ ਉਮਰ 29 ਸਾਲ, ਨੂੰ ਕਈ ਮਾਮਲਿਆਂ ਵਿੱਚ ਚਾਰਜ ਕੀਤਾ ਗਿਆ ਹੈ।

## ਗੈਰਦੋਸਤਾਨਾਂ ਮੁਲਕਾਂ ਨੂੰ ਗੈਸ ਖਰੀਦਣ ਬਦਲੇ ਰੂਬਲਜ਼ ਵਿੱਚ ਕਰਨੀ ਹੋਵੇਗੀ ਅਦਾਇਗੀ - ਪੁਤਿਨ



ਲੰਡਨ, 23 ਮਾਰਚ (ਪੋਸਟ ਬਿਊਰੋ) :ਬੁੱਧਵਾਰ ਨੂੰ ਰਾਸ਼ਟਰਪਤੀ ਪੁਤਿਨ ਨੇ ਇਹ ਸਪਸ਼ਟ ਕਰ ਦਿੱਤਾ ਹੈ ਕਿ ਗੈਰਦੋਸਤਾਨਾਂ ਮੁਲਕਾਂ, ਜਿਨ੍ਹਾਂ ਵਿੱਚ ਕੈਨੇਡਾ ਵੀ ਸ਼ਾਮਲ ਹੈ, ਨੂੰ ਉਨ੍ਹਾਂ ਤੋਂ ਗੈਸ ਖਰੀਦਣ ਬਦਲੇ ਰੂਸ ਦੀ ਕਰੰਸੀ ਰੂਬਲਜ਼ ਵਿੱਚ ਅਦਾਇਗੀ ਕਰਨੀ ਹੋਵੇਗੀ। ਇਸ ਸੁਨੇਹੇ ਤੋਂ ਬਾਅਦ ਯੂਰਪੀਅਨ ਗੈਸ ਦੀਆਂ ਕੀਮਤਾਂ ਵਿੱਚ ਉਛਾਲ ਆ ਗਿਆ ਹੈ।

ਆਪਣੇ ਘਰਾਂ ਨੂੰ ਨਿੱਘਾ ਰੱਖਣ ਤੇ ਆਪਣੇ ਅਰਥਚਾਰਿਆਂ ਨੂੰ ਚੱਲਦਾ ਰੱਖਣ ਲਈ ਰੂਸੀ ਗੈਸ ਉੱਤੇ ਯੂਰਪੀਅਨ ਦੇਸ਼ਾਂ ਦੀ ਨਿਰਭਰਤਾ ਉਸ ਸਮੇਂ ਤੋਂ ਹੀ ਚਰਚਾ ਵਿੱਚ ਬਣੀ ਹੋਈ ਹੈ ਜਦੋਂ ਤੋਂ, 24 ਫਰਵਰੀ ਤੋਂ, ਮਾਸਕੋ ਵੱਲੋਂ ਆਪਣੀਆਂ ਫੌਜਾਂ ਯੂਕਰੇਨ ਭੇਜੀਆਂ ਗਈਆਂ ਹਨ। ਇਸ ਦੇ ਨਾਲ ਹੀ ਰੂਸ ਨੂੰ ਆਰਥਿਕ ਪੱਖੋਂ ਅਲੱਗ ਥਲੱਗ ਕਰਨ ਲਈ ਪੱਛਮੀ ਦੇਸ਼ਾਂ ਵੱਲੋਂ ਉਸ ਉੱਤੇ ਪਾਬੰਦੀਆਂ ਦਾ ਸ਼ਿਕੰਜਾ ਕੱਸਿਆ ਜਾ ਰਿਹਾ ਹੈ।

ਯੂਰਪੀਅਨ ਯੂਨੀਅਨ ਇਸ ਗੱਲ ਨੂੰ ਲੈ ਕੇ ਦੋਫਾੜ ਹੋ ਚੁੱਕਿਆ ਹੈ ਕਿ ਰੂਸ ਦੇ ਐਨਰਜੀ ਸੈਕਟਰ ਉੱਤੇ ਪਾਬੰਦੀਆਂ ਲਾਈਆਂ ਜਾਣ ਜਾਂ ਨਾ ਪਰ ਇਸ ਕਸ਼ਮਕਸ਼ ਦਰਮਿਆਨ ਪੁਤਿਨ ਨੇ ਸਪਸ਼ਟ ਸੁਨੇਹਾ ਦੇ ਦਿੱਤਾ ਹੈ ਕਿ ਜੇ ਤੁਸੀਂ ਸਾਡੀ ਗੈਸ ਖਰੀਦਣਾ ਚਾਹੁੰਦੇ ਹੋ ਤਾਂ ਤੁਹਾਨੂੰ ਸਾਡੀ ਕਰੰਸੀ ਖਰੀਦਣੀ ਹੋਵੇਗੀ।

...ਬਾਕੀ ਪੰਨਾ 3 'ਤੇ

## ਟਰੂਡੋ ਨੇ ਯੂਰਪੀਅਨ ਆਗੂਆਂ ਨੂੰ ਇੱਕਜੁੱਟ ਹੋਣ ਤੇ ਰੂਸ ਖਿਲਾਫ ਪਾਬੰਦੀਆਂ ਸਖ਼ਤ ਕਰਨ ਦਾ ਦਿੱਤਾ ਸੱਦਾ



ਬਰੱਸਲਜ਼, 23 ਮਾਰਚ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਰੂਸ ਵੱਲੋਂ ਯੂਕਰੇਨ ਉੱਤੇ ਕੀਤੇ ਗਏ ਹਮਲੇ ਖਿਲਾਫ ਯੂਰਪੀਅਨ ਆਗੂਆਂ ਨੂੰ ਇੱਕਜੁੱਟ ਹੋਣ ਦਾ ਸੱਦਾ ਦਿੱਤਾ। ਉਨ੍ਹਾਂ ਆਖਿਆ ਕਿ ਸਾਨੂੰ ਯੂਕਰੇਨ ਦੀ ਮਦਦ ਕਰਨੀ ਚਾਹੀਦੀ ਹੈ ਤੇ ਰੂਸ ਉੱਤੇ ਹੋਰ ਪਾਬੰਦੀਆਂ ਲਾਉਣੀਆਂ ਚਾਹੀਦੀਆਂ ਹਨ।

ਇੱਕ ਮਹੀਨੇ ਤੋਂ ਚੱਲ ਰਹੇ ਰੂਸ-ਯੂਕਰੇਨ ਸੰਘਰਸ਼ ਕਾਰਨ ਨਾ ਸਿਰਫ ਯੂਰਪ ਵਿੱਚ ਸਗੋਂ ਦੁਨੀਆਂ ਭਰ ਵਿੱਚ ਸਕਿਊਰਿਟੀ ਸਬੰਧੀ ਬੇਚੈਨੀ ਵਧੀ ਹੈ। ਇਸ ਨਾਲ ਮਹਾਂਮਾਰੀ ਤੋਂ ਉਭਰ ਰਹੇ ਗਲੋਬਲ ਅਰਥਚਾਰੇ ਨੂੰ ਵੱਡਾ ਸ਼ੌਕ ਲੱਗਿਆ ਹੈ। ਮਹਿੰਗਾਈ ਦਰ ਵਿੱਚ ਭਾਰੀ ਵਾਧਾ ਵੇਖਣ ਨੂੰ ਮਿਲ ਰਿਹਾ ਹੈ। ਕੈਨੇਡਾ ਵਿੱਚ ਤਿੰਨ ਦਹਾਕਿਆਂ ਵਿੱਚ ਸੱਭ ਤੋਂ ਜ਼ਿਆਦਾ ਮਹਿੰਗਾਈ ਦਰ ਵਧੀ ਹੈ ਤੇ ਭਵਿੱਖ ਵਿੱਚ ਵੀ ਅਸਥਿਰਤਾ ਬਣੇ ਰਹਿਣ ਦੀ ਸੰਭਾਵਨਾ ਹੈ।

ਯੂਰਪੀਅਨ ਪਾਰਲੀਆਮੈਂਟੇਰੀਅਨਜ਼ ਨਾਲ ਗੱਲ ਕਰਦਿਆਂ ਟਰੂਡੋ ਨੇ ਆਖਿਆ ਕਿ ਇਸ ਤਰ੍ਹਾਂ ਦੀਆਂ ਚਿੰਤਾਵਾਂ ਨੂੰ ਪੱਕੇ ਪੈਰੀਂ ਹੋ ਕੇ ਵਿਚਾਰਨ ਤੇ ਪੁਤਿਨ ਨਾਲ ਵੀ ਉਹੋ ਜਿਹਾ ਵਿਵਹਾਰ ਕਰਨ ਜਿਹੋ ਜਿਹਾ ਉਨ੍ਹਾਂ ਵੱਲੋਂ ਕੀਤਾ ਜਾ ਰਿਹਾ ਹੈ। ਟਰੂਡੋ ਨੇ ਆਖਿਆ ਕਿ ਹਸਪਤਾਲਾਂ ਵਿੱਚ ਤੇ ਰਿਹਾਇਸ਼ੀ ਇਲਾਕਿਆਂ ਵਿੱਚ ਆਮ ਨਾਗਰਿਕਾਂ ਨੂੰ ਨਿਸ਼ਾਨਾ ਬਣਾਉਣਾ ਵਾਰ ਕ੍ਰਾਈਮ ਹੀ ਹੈ। ਰੂਸ ਵੱਲੋਂ ਯੂਕਰੇਨ ਉੱਤੇ ਕੀਤੇ ਹਮਲੇ ਨਾਲ ਗਲੋਬਲ ਪੱਧਰ ਉੱਤੇ ਤੇਲ ਦੀਆਂ ਕੀਮਤਾਂ ਤੇ ਗੈਸ ਦੀਆਂ ਕੀਮਤਾਂ ਵਿੱਚ ਵਾਧਾ ਹੋਇਆ ਹੈ। ਇਸ ਨਾਲ ਗਲੋਬਲ ਪੱਧਰ ਉੱਤੇ ਫੂਡ ਦੀਆਂ ਕੀਮਤਾਂ ਵਿੱਚ ਵੀ ਵਾਧਾ ਹੋਇਆ ਹੈ ਕਿਉਂਕਿ ਯੂਕਰੇਨ ਕਣਕ ਦਾ ਮੁੱਖ ਐਕਸਪੋਰਟਰ ਹੈ ਜਿਸ ਨਾਲ ਯੂਨਾਈਟਿਡ ਨੇਸ਼ਨ ਦੇ ਵਰਲਡ ਫੂਡ ਪ੍ਰੋਗਰਾਮ ਵਿੱਚ ਮਦਦ ਮਿਲਦੀ ਹੈ।

ਇਸ ਦੇ ਬਦਲੇ ਵਿੱਚ ਯੂਰਪੀਅਨ ਕਮਿਸ਼ਨ ਪ੍ਰੈਜ਼ੀਡੈਂਟ ਉਰਸੁਲਾ ਵੌਨ ਡਰ ਲੇਯੇਨ ਨੇ ਆਖਿਆ ਕਿ ਯੂਰਪ ਤੇ ਕੈਨੇਡਾ ਸਿੱਧੇ ਤੌਰ ਉੱਤੇ ਫੂਡ ਏਡ ਤੇ ਖੇਤੀਬਾੜੀ ਨਾਲ ਸਬੰਧਤ ਉਤਪਾਦਾਂ ਦੀ ਸਪਲਾਈ ਵਿੱਚ ਵਾਧਾਂ ਕਰਨ ਲਈ ਰਾਜ਼ੀ ਹੋਏ ਹਨ। ਰੂਸ ਦੇ ਫਿਊਲ ਉੱਤੇ ਨਿਰਭਰਤਾ ਘਟਾਉਣ ਲਈ ਯੂਰਪ ਤੇਲ ਤੇ ਗੈਸ ਲਈ ਕੈਨੇਡਾ ਉੱਤੇ ਨਿਰਭਰਤਾ ਵਧਾਉਣੀ ਚਾਹੁੰਦਾ ਹੈ।

## ਮੌਡਰਨਾ ਨੇ ਨਿੱਕੇ ਬੱਚਿਆਂ ਲਈ ਕੋਵਿਡ-19 ਵੈਕਸੀਨ ਤਿਆਰ ਕਰਨ ਦਾ ਕੀਤਾ ਦਾਅਵਾ



ਟੋਰਾਂਟੋ, 23 ਮਾਰਚ (ਪੋਸਟ ਬਿਊਰੋ) : ਮੌਡਰਨਾ ਵੱਲੋਂ ਨਿੱਕੀ ਉਮਰ ਦੇ ਬੱਚਿਆਂ ਤੇ ਸਕੂਲ ਜਾਣ ਤੋਂ ਪਹਿਲਾਂ ਵਾਲੀ ਉਮਰ ਦੇ ਬੱਚਿਆਂ ਲਈ ਵੈਕਸੀਨ ਤਿਆਰ ਕੀਤੇ ਜਾਣ ਦਾ ਦਾਅਵਾ ਕੀਤਾ ਜਾ ਰਿਹਾ ਹੈ। ਕੰਪਨੀ ਦਾ ਕਹਿਣਾ ਹੈ ਕਿ ਇਸ ਦੇ ਅੰਤਰਿਮ ਨਤੀਜੇ ਕਾਫੀ ਕਮਾਲ ਦੇ ਰਹੇ ਹਨ।

ਇੱਕ ਨਿੱਕੀ ਡੋਜ਼ ਵਾਲੀ ਵੈਕਸੀਨ ਲਈ ਰੈਗੂਲੇਟਰ ਦੀ ਮਨਜ਼ੂਰੀ ਦੀ ਅਜੇ ਵੀ ਲੋੜ ਹੈ। ਉਸ ਤੋਂ ਬਾਅਦ ਹੀ ਇਸ ਵੈਕਸੀਨ ਨੂੰ ਫਾਰਮਾਸਿਊਟੀਕਲ ਕੰਪਨੀ ਵੱਲੋਂ ਵੇਚਣ ਦੀ ਇਜਾਜ਼ਤ ਦਿੱਤੀ ਜਾਵੇਗੀ। ਯੂਨੀਵਰਸਿਟੀ ਆਫ ਟੋਰਾਂਟੋ ਦੇ ਵੈਕਸੀਨ ਮਾਹਿਰ ਡਾ. ਓਮਰ ਖਾਨ ਦਾ ਕਹਿਣਾ ਹੈ ਕਿ ਇਸ ਵੈਕਸੀਨ ਦੇ ਸ਼ੁਰੂਆਤੀ ਟ੍ਰਾਇਲ ਰਿਜ਼ਲਟ ਕਾਫੀ ਵਧੀਆ ਆਏ ਹਨ ਤੇ ਇਸ ਨਾਲ ਉਨ੍ਹਾਂ ਮਾਪਿਆਂ ਲਈ ਨਵੀਂ ਆਸ ਬੱਝੇਗੀ ਜਿਹੜੇ ਆਪਣੇ ਬੱਚਿਆਂ ਦੇ ਟੀਕੇ ਲਵਾਉਣਾ ਚਾਹੁੰਦੇ ਹਨ। ਮੌਡਰਨਾ ਵੱਲੋਂ ਕੀਤੇ ਗਏ ਅਧਿਐਨ ਵਿੱਚ ਪਾਇਆ ਗਿਆ ਕਿ ਛੇ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਵਿੱਚ ਟੀਕਾ ਲਾਏ ਜਾਣ ਤੋਂ ਬਾਅਦ ਵਾਇਰਸ ਨਾਲ ਲੜਨ ਵਾਲੀਆਂ ਐਂਟੀਬਾਡੀਜ਼ ਵੱਡੀ ਪੱਧਰ ਉੱਤੇ ਵਿਕਸਤ ਹੋ ਜਾਂਦੀਆਂ ਹਨ। ਬੱਚਿਆਂ ਨੂੰ ਬਾਲਗਾਂ ਦੇ ਮੁਕਾਬਲੇ ਇੱਕ ਚਥਾਈ ਵੈਕਸੀਨ ਦਿੱਤੀ ਜਾਵੇਗੀ। ਇਸ ਨਾਲ ਬੱਚਿਆਂ ਨੂੰ ਕੋਵਿਡ-19 ਖਿਲਾਫ ਬਾਲਗਾਂ ਜਿੰਨੀ ਹੀ ਪ੍ਰੋਟੈਕਸ਼ਨ ਮਿਲੇਗੀ।

NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI
416.994.7272
www.allkindinsurance.com

INSURANCE
Home | Auto | Business | Trucking | Life Insurance | Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat
Axael InsuranceBrokers Ltd. 1332 Khalsa Dr, Unit # 11, Mississauga, ON L5S 0A2

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
Residential, Commercial
www.ksgpestcontrol.ca
ksgpestcontrol@gmail.com
KSG Pest Control Inc.
Amarjeet Singh Gill

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

KELLEY LAW OFFICE
Immigration | Real Estate
Family Law | Business Closing
Corporate | Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley
905-362-0755

Royal Pest Control
Residential | Commercial | Industrial
Specialist in Bedbugs Service
All Pest Control :
Mouse & Rats | Spiders & Fleas | Bedbugs | Wasps | Cockroaches | Carpenter Ants | Silver Fish | Racoons
Call : PARESH PATEL
416 938 4598

MOTEL FOR SALE ON HWY 7
IN THE MIDDLE OF TORONTO AND OTTAWA
$1,275,000
- Excellent Cash Flow And Low Vacancy Rate
- Low Operating Costs
- Many Recent Upgrades To Rooms
- New Security Camera System
- Plan Approved For Additional Unit
RAJ HANDA
BROKER OF RECORD
DIR: 647-546-5228
OFF: 905-457-4588
SAVE MAX GLOBAL REALTY
RAJ@SAVEMAXGLOBALREALTY.COM

Locations: Woodbridge, Mississauga, Scarborough
YES! Immigration
Yes we can...
Celebrating 16 Years
16 ਸਾਲਾਂ ਤੋਂ ਤੋਹਾਡੀ ਸੇਵਾ ਵਿਚ
Raj Narang
Ritu Narang
ਕੈਨੇਡਾ ਦੇ ਵੀਜ਼ਾ ਵਾਸਤੇ ਅੱਜ ਹੀ ਸੰਪਰਕ ਕਰੋ:
ਇੰਮਿਗਰੇਸ਼ਨ ਸੇਵਾਵਾਂ
10-20% Discount
(416)740-6969
(647)616-1020

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
RANJIT GILL
Insurance Advisor
416-724-5000
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance

ROYAL STAR Realty Inc. Brokerage
Off: 905-793-1111
Fax: 905-793-1455
RESIDENTIAL | COMMERCIAL | INVESTMENT
Serving you from one of the Largest Offices in GTA !
GURVIR DHILLON
Sales Representative
Dir: 647-409-1302
170 Steelwell Rd., Unit 200, Brampton, ON L6T 5T3
gaggi04@hotmail.com | www.royalstarrealty.com

Dubai Jewellers
10% additional discount on gold and upto 50% on diamond.
Gift Prize with Every Purchase
* Repair at no extra cost
* Appraisal Certificate
* Buy, Sell, Trade
Tuesday to Sunday (12-8)
(Monday Closed)
ਨਵੇਂ ਬਣੇ ਪਲਾਜ਼ਾ ਦੇ ਵਿਚ
Raj & Gulshan
Mob: 416-465-1200
2700 Northpark Drive
Unit #19, Brampton
Ontario L6S 0E9
North Park & Airport Major Intersection
www.dubaijewellers.ca
info@dubaijewellers.ca

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA
Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
A-Z Pest Control
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ
ਪਾ ਕੇ ਆਪਣਾ ਕਰੈਡਿਟ ਦੁਬਾਰਾ ਬਣਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available
1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan
Certified Instructor

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Avon Financial Inc.
Brokerage Lic. 12538
Cell: 416-841-4218 Tel: 905-216-5563
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
- Real Estate Law
- Wills & Estates
- Power of Attorney
- Affidavits Notarization / Declaration
- Business Law
- Family Law
- Civil Litigation
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca




# Now Hiring

LIGHT SPEED Logistics Inc.

## Owner Operators

| | |
|---|---|
| US TEAM | $2.09 |
| US SINGLE | $1.94 |
| ONTARIO/QUEBEC TO MIDWEST | $2.24 |
| CANADIAN TEAM | $1.89 |
| CANADIAN SINGLE | $1.74 |
| (AB-BC) (BC-AB) | $2.29 |

## Company Drivers

| | |
|---|---|
| US TEAM | $0.86 |
| US SINGLE | $0.62 |
| CANADIAN TEAM | $0.66 |
| CANADIAN SINGLE | $0.50 |
| ON/QC TEAM TO MID-WEST | $0.96 |
| ON/QC SINGLE TO MID-WEST | $0.72 |
| (AB-BC) (BC-AB) TEAM | $0.81 |
| (AB-BC) (BC-AB) SINGLE | $0.65 |

Call us or Drop in!

JAGGI DHILLON : 403-542-4258
GURBIR SARAN : 416-768-5441
1-800-397-6009 (Press Option 3)
122 Carmek Blvd, Rocky View AB T1X 1X1

* Conditions Apply

safedrivers@lslinc.com www.lslinc.com

# EXCLUSIVE OFFER!

## GET A $15 IN-STORE CREDIT

*WITH NEW ACTIVATION ON A $25/MO DATA, TALK, & TEXT PLAN OR HIGHER



1 Promenade Circle | Thornhill, ON | 647-274-3808
2456 Lake Shore Blvd West | Etobicoke, ON | 416-259-3654
379 Main St. North | Brampton, ON | 905-451-0379

chatr™ AUTHORIZED DEALER

See in-store for details. Offer available March 6th - 31st, 2022 and subject to change without notice. *Only applicable with new activation on a $25/mo Data, Talk & Text plan or higher. In-store credit cannot be applied to top-ups, bill payments, SIM cards, vouchers or redeemed for cash and has no cash value. Visit chatrmobile.com/plans for more details. Taxes are extra and while quantities last. ™ Trademarks used under license ©2022

# ਭ੍ਰਿਸ਼ਟਾਚਾਰ ਰੋਕਣ ਲਈ ਯਤਨ: ਮੁੱਖ ਮੰਤਰੀ ਭਗਵੰਤ ਮਾਨ ਨੇ ਐਂਟੀ-ਕੁਰੱਪਸ਼ਨ ਹੈਲਪਲਾਈਨ ਨੰਬਰ ਜਾਰੀ ਕੀਤਾ

*** ਗੁਰਦਾਸਪੁਰ ਅਤੇ ਬਠਿੰਡੇ ਤੋਂ ਆਈਆਂ ਪਹਿਲੀਆਂ ਸ਼ਿਕਾਇਤਾਂ**



**9501-200-200**



ਖਟਕੜ ਕਲਾਂ, 23 ਮਾਰਚ, (ਪੋਸਟ ਬਿਊਰੋ)- ਸ਼ਹੀਦ-ਏ-ਆਜ਼ਮ ਸ਼ਹੀਦ ਭਗਤ ਸਿੰਘ ਦੇ ਸ਼ਹੀਦੀ ਦਿਨ ਮੌਕੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਆਪਣੇ ਵਾਅਦੇ ਮੁਤਾਬਕ ਭ੍ਰਿਸ਼ਟਾਚਾਰ ਦੀ ਸ਼ਿਕਇਤ ਕਰਨ ਵਾਸਤੇ ਐਂਟੀ ਕੁਰੱਪਸ਼ਨ ਹੈਲਪਲਾਈਨ ਨੰਬਰ ਜਾਰੀ ਕਰ ਦਿੱਤਾ ਹੈ। ਇਸ ਦੇ ਬਾਅਦ ਰਿਸ਼ਵਤਖੋਰੀ ਅਤੇ ਹਫ਼ਤਾਵਸੂਲੀ ਦੀ ਹਰ ਸ਼ਿਕਾਇਤ ਲੋਕ 9501-200-200 ਨੰਬਰ ਉੱਤੇਭੇਜ ਸਕਦੇ ਹਨ, ਜਿਹੜੀ ਸਿੱਧੀ ਭਗਵੰਤ ਮਾਨ ਕੋਲ ਪੁੱਜੇਗੀ। ਜਾਰੀ ਕੀਤੇ ਨੰਬਰ ਦੀ ਜ਼ਿੰਮੇਵਾਰੀ ਪੰਜਾਬ ਵਿਜੀਲੈਂਸ ਦੇ ਚੀਫ਼ ਡਾਇਰੈਕਟਰ ਨੂੰ ਸੌਂਪੀ ਗਈ ਹੈ। ਇਸ ਮੌਕੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਮੈਨੂੰ ਤਿੰਨ ਕਰੋੜ ਲੋਕਾਂ ਦਾ ਸਾਥ ਚਾਹੀਦਾ ਹੈ, ਤਾਂ ਕਿ ਸਾਡੇ ਪੰਜਾਬ ਨੂੰ ਰੰਗਲਾ ਪੰਜਾਬ ਬਣਾਇਆ ਜਾ ਸਕੇ।ਵਸਟਐਪ ਨੰਬਰ ਜਾਰੀ ਕਰਦੇ ਹੋਏ ਭਗਵੰਤ ਮਾਨ ਨੇ ਕਿਹਾ ਕਿਤੁਹਾਡੇ ਤੋਂ ਕੋਈ ਵੀ ਰਿਸ਼ਵਤ ਮੰਗੇ ਤਾਂ ਉਸ ਨੂੰ ਮਨ੍ਹਾ ਨਾ ਕਰੋ, ਸਿਰਫ਼ ਉਸ ਦੀ ਆਡੀਓ ਜਾਂ ਵੀਡੀਓ ਬਣਾ ਕੇ ਜਾਰੀ ਕੀਤੇ ਗਏ ਵਟਸਐਪ ਨੰਬਰ ਉੱਤੇ ਭੇਜ ਦਿਓ, ਇਸ ਦੇ ਬਾਅਦ ਸਖ਼ਤ ਕਾਰਵਾਈ ਕੀਤੀ ਜਾਵੇਗੀਅਤੇ ਪੰਜਾਬ ਨੂੰ ਭ੍ਰਿਸ਼ਟਾਚਾਰ ਤੋਂ ਮੁਕਤ ਰਾਜ ਬਣਾਉਣ ਬਾਰੇ ਸਰਕਾਰ ਕਦਮ ਚੁੱਕੇਗੀ। ਵਰਨਣ ਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਵਿਧਾਨ ਸਭਾ ਸਮਾਗਮ ਵਿੱਚ ਵਾਅਦਾ ਕੀਤਾ ਸੀ ਕਿ ਉਹ ਇਸ ਤਰ੍ਹਾਂ ਦੀ ਹੈਲਪਲਾਈਨ ਜਾਰੀ ਕਰਨਗੇ।

ਅੱਜ ਇਹ ਹੈਲਪਲਾਈਨ ਜਾਰੀ ਕਰਨ ਤੋਂ ਪਹਿਲਾਂ ਭਗਵੰਤ ਮਾਨ ਨੇ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੇ ਸ਼ਹੀਦੀ ਦਿਵਸ ਮੌਕੇ ਹੁਸੈਨੀਵਾਲਾ ਵਾਲੀ ਯਾਦਗਾਰ ਅਤੇ ਖਟਕੜ ਕਲਾਂ ਵਿੱਚ ਜਾ ਕੇ ਸ਼ਰਧਾਂਜਲੀ ਦਿੱਤੀ। ਇਸ ਮੌਕੇ ਉਨ੍ਹਾਂ ਨੇ ਕਿਹਾ ਕਿ ਪੰਜਾਬ ਵਿੱਚ ਭ੍ਰਿਸ਼ਟਾਚਾਰ ਕਰਨ ਵਾਲਿਆਂ ਨੂੰ ਬਖ਼ਸ਼ਿਆ ਨਹੀਂ ਜਾਵੇਗਾ। ਉਨ੍ਹਾਂ ਕਿਹਾ ਕਿ ਘਰ-ਘਰ ਤੱਕ ਸ਼ਹੀਦਾਂ ਦੀ ਸੋਚ ਪੁਚਾਉਣ ਲਈ ਸਾਡਾ ਇਹ ਛੋਟਾ ਜਿਹਾਕਦਮ ਹੈ, ਅਗਲੇ ਦਿਨਾਂ ਵਿੱਚ ਹੋਰ ਐਲਾਨ ਕਰਾਂਗੇ।

ਮੁੱਖ ਮੰਤਰੀ ਵੱਲੋਂ ਅੱਜ ਐਂਟੀ ਕੁਰੱਪਸ਼ਨ ਹੈਲਪਲਾਈਨ ਨੰਬਰਜਾਰੀ ਹੁੰਦੇ ਸਾਰ ਇਸ ਉੱਤੇ ਸ਼ਿਕਾਇਤਾਂ ਆਉਣ ਲੱਗ ਪਈਆਂ ਹਨ। ਪਹਿਲੀ ਸ਼ਿਕਾਇਤ ਗੁਰਦਾਸਪੁਰ ਜ਼ਿਲੇ ਦੇ ਸਟੇਟ ਐਵਾਰਡੀ ਪਰਮਿੰਦਰ ਸਿੰਘ ਵੱਲੋਂ ਆਈ ਹੈ।ਪਤਾ ਲੱਗਾ ਹੈ ਕਿ ਪਰਮਿੰਦਰ ਸਿੰਘ ਨੇ ਕ੍ਰਿਸ਼ਨ ਕੁਮਾਰ ਆਈਏਐੱਸ ਸਾਬਕਾ ਸੈਕਟਰੀ ਸਕੂਲ ਸਿੱਖਿਆ ਵਿਭਾਗ ਪੰਜਾਬ ਤੇ ਉਸ ਦੇ ਸਾਥੀਆਂ ਵਲੋਂ ਰਿਸ਼ਵਤ ਮੰਗਣ ਅਤੇ ਉਨ੍ਹਾਂ ਦੇ ਸਿੱਖਿਆ ਵਿਭਾਗ ਵਿਚ ਕਾਰ-ਜਕਾਲ ਦੌਰਾਨ ਹੋਏ ਘਪਲਿਆਂ ਅਤੇ ਬੇਨਿਯਮੀਆਂ ਦੀ ਜਾਂਚ ਕਰਨ ਲਈ ਸ਼ਿਕਾਇਤ ਕੀਤੀ ਹੈ।ਦੂਸਰੇ ਪਾਸੇ ਕਿਹਾ ਗਿਆ ਹੈ ਕਿ ਹੈਲਪਲਾਈਨ ਉੱਤੇ ਪਹਿਲੀ ਸ਼ਿਕਾਇਤ ਬਠਿੰਡਾ ਜ਼ਿਲੇ ਤੋਂ ਆਈ ਹੈ।ਓਥੋਂ ਦੀ ਸ੍ਰੀ ਗਊਸ਼ਾਲਾ ਨੂੰ ਦਾਨ ਕੀਤੀ ਜ਼ਮੀਨ ਦੀ ਵਸੀਅਤ ਕਰਵਾਉਣ ਲਈ 3000 ਰੁਪਏ ਦੀ ਰਿਸ਼ਵਤ ਲੈਣ ਦਾ ਕੇਸ ਪਤਾ ਲੱਗਾ ਹੈ। ਇਹ ਸ਼ਿਕਾਇਤ ਸਾਧੂ ਰਾਮ ਕੁਸਲਾ, ਜਨਰਲ ਸੈਕਟਰੀ, ਸ੍ਰੀ ਗਊਸ਼ਾਲਾ ਨੇ ਸਬੂਤਾਂ ਨਾਲਮੁੱਖ ਮੰਤਰੀ ਨੂੰ ਜਗਤਾਰ ਸਿੰਘ ਨਾਇਬ ਤਹਿਸੀਲਦਾਰ ਤਲਵੰਡੀ ਸਾਬੋ ਦੇ ਵਿਰੁੱਧਕੀਤੀ ਹੈ, ਜਿਸ ਵਿੱਚ ਕੱਚੀ ਪਰਚੀ ਉੱਤੇ'ਸਾਹਿਬ ਲਈ' 3000 ਹਜ਼ਾਰ ਰਿਸ਼ਵਤ ਦਿੱਤੇ ਜਾਣ ਦਾ ਜ਼ਿਕਰ ਕੀਤਾ ਗਿਆ ਹੈ।

# ਖਟਕੜ ਕਲਾਂ ਤੋਂ ਮੁੱਖ ਮੰਤਰੀ ਵੱਲੋਂ ਸ਼ਹੀਦਾਂ ਦੇ ਸਤਿਕਾਰ ਵਿੱਚ ਵੱਡਾ ਕਦਮ ਚੁੱਕਣ ਦਾ ਐਲਾਨ



ਖਟਕੜ ਕਲਾਂ, 23 ਮਾਰਚ, (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਜੱਦੀ ਪਿੰਡ ਖਟਕੜ ਕਲਾਂ ਵਿਖੇ ਅੱਜ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕਰਨ ਪਿੱਛੋਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸ਼ਹੀਦ ਭਗਤ ਸਿੰਘ, ਸ਼ਹੀਦ ਰਾਜਗੁਰੂ ਅਤੇ ਸ਼ਹੀਦ ਸੁਖਦੇਵ ਨੂੰ ਸ਼ਹੀਦ ਦਾ ਦਰਜਾ ਦਿਵਾਉਣ ਲਈ ਠੋਸ ਅਤੇ ਸੁਹਿਰਦ ਯਤਨ ਕੀਤੇ ਜਾਣਗੇ ਅਤੇ ਇਹ ਕੇਸ ਜ਼ੋਰ ਨਾਲ ਕੇਂਦਰ ਸਰਕਾਰ ਕੋਲ ਪੇਸ਼ ਕੀਤਾ ਜਾਵੇਗਾ।

ਸ਼ਹੀਦ ਭਗਤ ਸਿੰਘ ਦੇ ਭਤੀਜੇ ਸਵਰਗੀ ਅਭੈ ਸਿੰਘ ਸੰਧੂ ਦੀ ਪਤਨੀ ਤੇਜੀ ਸੰਧੂ, ਅਭੈ ਸਿੰਘਸੰਧੂ ਦੀ ਧੀ ਅਨੁਸ਼ ਪ੍ਰਿਆ ਅਤੇ ਪਰਿਵਾਰ ਦੇ ਹੋਰ ਮੈਂਬਰਾਂ ਨਾਲ ਗੱਲਬਾਤ ਦੌਰਾਨਮੁੱਖ ਮੰਤਰੀ ਭਗਵੰਤ ਮਾਨ ਨੇ ਭਰੋਸਾ ਦਿੱਤਾ ਕਿ ਦੇਸ਼ ਦੀ ਆਜ਼ਾਦੀ ਦੇ ਸੰਘਰਸ਼ ਦੇ ਮਹਾਨ ਨਾਇਕ ਤੇ ਉਨ੍ਹਾਂ ਦੇ ਦੋਵਾਂ ਸਾਥੀਆਂ ਨੂੰ ਸ਼ਹੀਦ ਦੇ ਦਰਜੇ ਲਈ ਸਾਡੀ ਸਰਕਾਰ ਹਰ ਸੰਭਵ ਯਤਨ ਕਰੇਗੀ, ਜਿਨ੍ਹਾਂ ਨੇ ਛੋਟੀ ਉਮਰ ਵਿੱਚ ਦੇਸ਼ ਲਈ ਜਾਨ ਕੁਰਬਾਨ ਕਰ ਦਿੱਤੀ ਸੀ। ਉਨ੍ਹਾਂ ਅਫ਼ਸੋਸ ਜ਼ਾਹਰ ਕਰਦਿਆਂ ਕਿਹਾ ਕਿ ਇਹ ਬੜਾ ਮੰਦ-ਭਾਗਾ ਹੈ ਕਿ ਆਜ਼ਾਦੀ ਦੇ 70 ਸਾਲ ਤੋਂ ਵੱਧ ਬੀਤਣ ਦੇ ਬਾਅਦ ਵੀ ਕੌਮੀ ਨਾਇਕਾਂ ਨੂੰ ਇਹ ਦਰਜਾ ਨਹੀਂ ਦਿੱਤਾ ਗਿਆ। ਭਗਵੰਤ ਮਾਨ ਨੇ ਕਿਹਾ ਕਿ ਦੇਸ਼ ਨੂੰ ਬ੍ਰਿਟਿਸ਼ ਸਾਮਰਾਜਵਾਦ ਦੇ ਚੁੰਗਲ ਵਿਚੋਂ ਕੱਢਣ ਲਈ ਸਮੁੱਚੀ ਕੌਮ ਸਰਦਾਰ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੀ ਅਦੁੱਤੀ ਸ਼ਹਾਦਤ ਦੀ ਸਦਾ ਰਿਣੀ ਰਹੇਗੀ।

ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਸੁਫ਼ਨੇ ਸਾਕਾਰ ਕਰਨ ਲਈ ਲੋਕਾਂ ਤੋਂ ਸਹਿਯੋਗ ਮੰਗਦੇ ਹੋਏਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਸ਼ਹੀਦ ਭਗਤ ਸਿੰਘ ਦੀ ਸੁਹਿਰਦ ਸੋਚ ਉੱਤੇ ਡਟ ਕੇ ਪਹਿਰਾ ਦੇਣ ਅਤੇ ਖੁਸ਼ਹਾਲ ਤੇ ਬਰਾਬਰੀ ਵਾਲਾ ਸਮਾਜ ਸਿਰਜਣ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਦੇਸ਼ ਤੇ ਪੰਜਾਬ ਵਿੱਚਅੱਜ ਤੱਕਰਾਜ ਕਰਨ ਵਾਲਿਆਂ ਨੇ ਸ਼ਹੀਦ ਭਗਤ ਸਿੰਘ ਦੇ ਸੁਫ਼ਨੇ ਨੂੰ ਅਮਲੀ ਰੂਪ ਦੇਣ ਲਈ ਕੁਝ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਇਹ ਮੰਦਭਾਗਾ ਹੈ ਕਿ ਸਾਡੇ ਨੌਜਵਾਨਾਂ ਨੂੰ ਰੁਜ਼ਗਾਰ ਤੇ ਬਿਹਤਰ ਭਵਿੱਖ ਦੀ ਭਾਲ ਵਿੱਚ ਉਨ੍ਹਾਂ ਦੇਸ਼ਾਂਨੂੰ ਜਾਣ ਲਈ ਮਜਬੂਰ ਹੋਣਾ ਪਿਆ, ਜਿਨ੍ਹਾਂ ਦੇ ਮੂਲ ਵਾਸੀਆਂ ਨੂੰ ਸ਼ਹੀਦ ਭਗਤ ਸਿੰਘ ਤੇ ਹੋਰ ਆਜ਼ਾਦੀ ਘੁਲਾਟੀਆਂ ਨੇ ਲੰਮੇ ਅਜ਼ਾਦੀ ਸੰਘਰਸ਼ ਨਾਲਇਸ ਦੇਸ਼ ਤੋਂ ਕੱਢਿਆ ਸੀ।ਮੁੱਖ ਮੰਤਰੀ ਨੇ ਖਟਕੜ ਕਲਾਂ ਦੇ ਅਜਾਇਬ ਘਰ ਦਾ ਦੌਰਾ ਕੀਤਾ ਅਤੇ ਵਿਜ਼ਿਟਰ ਬੁੱਕ ਵਿਚ ਲਿਖਿਆ, "ਖਟਕੜ ਕਲਾਂ ਦੀ ਪਵਿੱਤਰ ਧਰਤੀ ਹਮੇਸ਼ਾਂ ਮੇਰੇ ਦਿਲ ਦੇ ਬਹੁਤ ਨੇੜੇ ਰਹੀ ਹੈ। ਅਜਾਇਬ ਘਰ ਵਿੱਚ ਦਰਸਾਏ ਸ਼ਹੀਦ ਦੇ ਜੀਵਨ ਵੇਰਵੇ ਤੇ ਨਿੱਜੀ ਚੀਜ਼ਾਂ ਨੇ ਮੈਨੂੰ ਭਾਵੁਕ ਕਰ ਦਿੱਤਾ ਹੈ। ਸ਼ਹੀਦ-ਏ-ਆਜ਼ਮ ਦੇ ਸੁਪਨਿਆਂ ਨੂੰ ਸਾਕਾਰ ਕਰਨਾ ਸਾਡਾ ਨੈਤਿਕ ਫਰਜ਼ ਹੈ।"

# ਮੇਅਰ ਦੇ ਕਾਰੋਬਾਰੀ ਭਾਈਵਾਲ ਤੋਂ 20 ਲੱਖ ਰੁਪਏ ਦੀ ਫਿਰੌਤੀ ਮੰਗੀ

ਐਸ ਏ ਐਸ ਨਗਰ (ਮੋਹਾਲੀ), 23 ਮਾਰਚ (ਪੋਸਟ ਬਿਊਰੋ)- ਪੰਜਾਬ ਦੇ ਸਾਬਕਾ ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ ਦੇ ਨਜ਼ਦੀਕੀ ਕਾਰੋਬਾਰੀਆਂ ਤੋਂ ਲੱਖਾਂ ਰੁਪਏ ਦੀ ਫਿਰੌਤੀ ਮੰਗੇ ਜਾਣਦੇ ਮਾਮਲੇ ਲਗਾਤਾਰ ਵਧ ਰਹੇ ਹਨ। ਸਿੱਧੂ ਦੇ ਕਰੀਬੀ ਹੋਟਲ ਮਾਲਕ ਤੋਂ ਚਾਲੀ ਲੱਖ ਰੁਪਏ ਦੀ ਫਿਰੌਤੀ ਮੰਗੇ ਜਾਣ ਮਗਰੋਂ ਸਾਬਕਾ ਮੰਤਰੀ ਦੇ ਛੋਟੇ ਭਰਾ ਅਤੇ ਮੇਅਰ ਅਮਰਜੀਤ ਸਿੰਘ ਸਿੱਧੂ ਦੇ ਕਾਰੋਬਾਰੀ ਭਾਈਵਾਲ ਅਤੇ ਰੀਅਲ ਅਸਟੇਟ ਦੇ ਕਰੋਬਾਰੀ ਪਾਰਸ ਮਹਾਜਨ ਤੋਂ ਵੀਹ ਲੱਖ ਰੁਪਏ ਦੀ ਫਿਰੌਤੀ ਮੰਗੀ ਗਈ ਹੈ। ਅਣਪਛਾਤੇ ਵਿਅਕਤੀਆਂ ਨੇ ਮਹਾਜਨ ਨੂੰ ਫੋਨ ਉੱਤੇ ਧਮਕੀ ਦਿੱਤੀ ਹੈ ਕਿ ਜੇ ਉਸ ਨੇ ਫਿਰੌਤੀ ਨਾ ਦਿੱਤੀ ਤਾਂ ਉਸ ਨੂੰ ਗੰਭੀਰ ਨਤੀਜੇ ਭੁਗਤਣੇ ਪੈਣਗੇ।

ਪੁਲਸ ਨੇ ਅਣਪਛਾਤੇ ਲੋਕਾਂ ਖਿਲਾਫ ਕੇਸ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਪਾਰਸ ਮਹਾਜਨ ਤੇ ਮੇਅਰ ਜੀਤੀ ਸਿੱਧੂ ਰੀਅਲ ਅਸਟੇਟ ਕੰਪਨੀ ਲੈਂਡ ਚੈਸਟਰ ਇਨਫਰਾਸਟ੍ਰੱਕਚਰਜ਼ ਐਸੋਸੀਏਟਸ ਵਿੱਚ ਬਰਾਬਰ ਦੇ ਹਿੱਸੇਦਾਰ ਹਨ।ਪਾਰਸ ਮਹਾਜਨ ਨੇ ਦਸਿਆ ਹੈ ਕਿ ਬੀਤੀ 16 ਮਾਰਚ ਨੂੰ ਉਨ੍ਹਾਂ ਦੇ ਨਿੱਜੀ ਫੋਨ ਨੰਬਰ ਉਤੇ ਵਿਦੇਸ਼ ਦੇ ਕਿਸੇ ਨੰਬਰ ਤੋਂ ਧਮਕੀ ਭਰਿਆ ਫੋਨ ਆਇਆ ਅਤੇ ਫੋਨ ਕਰਨ ਵਾਲੇ ਨੇ ਉਸ ਕੋਲੋਂ ਵੀਹ ਲੱਖ ਰੁਪਏ ਦੀ ਫਿਰੌਤੀ ਮੰਗੀ ਹੈ।

## ਗੈਰਦੋਸਤਾਨਾਂ ਮੁਲਕਾਂ ਨੂੰ ਗੈਸ ਖਰੀਦਣ ਬਦਲੇ ਰੂਬਲਜ਼ ਵਿੱਚ ਕਰਨੀ ਹੋਵੇਗੀ ਅਦਾਇਗੀ : ਪੁਤਿਨ

ਪੰਨਾ 1 ਦਾ ਬਾਕੀ

ਉੱਥੇ ਸਰਕਾਰੀ ਮੰਤਰੀਆਂ ਨਾਲ ਮੀਟਿੰਗ ਤੋਂ ਬਾਅਦ ਪੁਤਿਨ ਨੇ ਆਖਿਆ ਕਿ ਰੂਸ ਪਹਿਲਾਂ ਤੋਂ ਕੀਤੇ ਗਏ ਕਾਂਟਰੈਕਟਸ ਦੇ ਆਧਾਰ ਉੱਤੇ ਅਤੇ ਤੈਅ ਕੀਤੀਆਂ ਗਈਆਂ ਕੀਮਤਾਂ ਦੇ ਹਿਸਾਬ ਨਾਲ ਨੈਚੂਰਲ ਗੈਸ ਦੀ ਸਪਲਾਈ ਜਾਰੀ ਰੱਖੇਗਾ। ਤਬਦੀਲੀ ਸਿਰਫ ਅਦਾਇਗੀ ਵਾਲੀ ਕਰੰਸੀ ਵਿੱਚ ਕੀਤੀ ਜਾਵੇਗੀ, ਜੋ ਕਿ ਹੁਣ ਰੂਸੀ ਰੂਬਲਜ਼ ਹੋਵੇਗੀ।

IMMIGRATION SERVICES INCLUDE
Express Entry
Visitor Visa | Super Visa
Work Permit
Study Permit
Spousal Sponsorship
PNP Nominations
LMIA
WE SPECIALIZE IN HUMANITARIAN AND COMPASSIONATE APPLICATIONS
DRAKE IMMIGRATION SOLUTIONS
AUTHORIZED AGENT FOR MITT
MANITOBA INSTITUTE OF TRADES & TECHNOLOGY
(204) 558-9750
www.drakeimmigration.ca
Toronto Office: 98 Gallucci Cres, Brampton, ON L6P 1R7
Winnipeg Office: Centro Caboto Centre, 128-1055 Wilkes Ave, Winnipeg, MB R3P 2L7

ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ
ਸੈਰ ਸਪਾਟੇ ਨਾਲ ਹੁਣ ਕਰੋ ਕਮਾਈ
Flyer Distribution
ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।
ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ
ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।
ਹੋਰ ਜਾਣਕਾਰੀ ਲਈ ਕਾਲ ਕਰੋ। 647-218-7043 647-208-7011

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
How your spouse can join you within 4-6 months
How your parents can join you
How students & skilled people can come to Canada
How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
MEMBER iccrc
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

ਖਿੜਕੀਆਂ ਅਤੇ ਦਰਵਾਜੇ ਲਗਵਾਓ
Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com
CANADIAN GLASS AND WINDOW

ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS uktruck1@gmail.com
Jitpal Singh Deol 647-204-1936

## ਅੱਜ ਨਾਮਾ

ਮਣਕੇ ਮਾਲਾ ਦੇ ਜਿਵੇਂ ਹਨ ਕਿਰਨ ਲੱਗਦੇ,
ਆਗੂ ਕਾਂਗਰਸ ਦੇ ਲੱਗੇ ਆ ਕਿਰਨ ਬੇਲੀ।
ਬਹੁਤੇ ਇਹੋ ਜਿਹੇ ਸੁਣੀਂਦੇ ਕਈ ਲੀਡਰ,
ਜਿਹੜੇ ਲੱਗੇ ਸਨ ਸੁਣੀਂਦੇ ਘਿਰਨ ਬੇਲੀ।
ਉਨ੍ਹਾਂ ਵਰਗੇ ਕਈ ਹੋਰਾਂ ਦੀ ਬਾਤ ਚੱਲਦੀ,
ਦਰਵਾਜ਼ੇ ਆਪ ਦੇ ਲਾਗੇ ਜੋ ਫਿਰਨ ਬੇਲੀ।
ਜਿਹੜੇ ਗਿਰ ਗਿਆ ਹੋਰਾਂ ਨੂੰ ਆਖਦੇ ਸੀ,
ਜ਼ਮਾਨਾ ਤਾੜ ਕੇ ਲੱਗੇ ਆ ਗਿਰਨ ਬੇਲੀ।
ਅੱਗੋਂ ਪਾਰਟੀ ਆਪ ਨਹੀਂ ਅਕਲ ਕਰਦੀ,
ਜਣਾ-ਖਣਾ ਸਭ ਲਾਵੇ ਪਈ ਨਾਲ ਬੇਲੀ।
ਜਿਹੜੇ ਕਿਸੇ ਦੇ ਸਕੇ ਨਹੀਂ ਬਣਨ ਵਾਲੇ,
ਪਤੰਦਰ ਏਦਾਂ ਦੇ ਰਹੀ ਉਹ ਪਾਲ ਬੇਲੀ।

**ਤੀਸ ਮਾਰ ਖਾਂ**

# 328 ਪਾਵਨ ਸਰੂਪਾਂ ਦੇ ਕੇਸ ਵਿੱਚ ਤਿੰਨ ਮੁਲਾਜ਼ਮਾਂ ਨੂੰ ਚੁੱਪ-ਚੁਪੀਤੇ ਰਾਹਤ ਮਿਲਣ ਦੀ ਚਰਚਾ

ਅੰਮ੍ਰਿਤਸਰ, 23 ਮਾਰਚ, (ਪੋਸਟ ਬਿਊਰੋ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪਬਲੀਕੇਸ਼ਨ ਵਿਭਾਗ ਤੋਂ 328 ਪਾਵਨ ਸਰੂਪ ਘਟਣ ਦੇ ਕੇਸ ਵਿੱਚ ਸ੍ਰੀ ਅਕਾਲ ਤਖਤ ਵੱਲੋਂ ਕਰਵਾਈ ਜਾਂਚਮਗਰੋਂ 5 ਸਿੰਘ ਸਾਹਿਬਾਨ ਨੇ 24 ਅਗਸਤ 2020 ਨੂੰ ਉਹ ਰਿਪੋਰਟ ਸ਼੍ਰੋਮਣੀ ਕਮੇਟੀ ਨੂੰ ਭੇਜ ਕੇ ਸਬੰਧਤ ਮੁਲਾਜ਼ਮਾਂ ਦੇ ਖ਼ਿਲਾਫ਼ ਕਾਰਵਾਈ ਕਰਨ ਨੂੰ ਕਿਹਾ ਸੀ ਤੇ 27 ਅਗਸਤ 2020 ਨੂੰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਅੰਤ੍ਰਿੰਗ ਕਮੇਟੀ ਦੀ ਐਮਰਜੈਂਸੀ ਬੈਠਕ ਸੱਦ ਕੇ ਇਨ੍ਹਾਂ ਮੁਲਾਜ਼ਮਾਂ ਦੇ ਖ਼ਿਲਾਫ਼ ਸਖ਼ਤ ਕਾਰਵਾਈ ਕਰਨ ਦੀ ਸ਼ੁਰੂਆਤ ਕਰ ਦਿੱਤੀ ਸੀ।

ਉਸ ਕਾਰਵਾਈ ਦੇ ਬਾਅਦ ਇਨ੍ਹਾਂ ਮੁਲਾਜ਼ਮਾਂ ਵਿਚੋਂ ਗੁਰਬਚਨ ਸਿੰਘ, ਬਾਜ ਸਿੰਘ ਅਤੇ ਦਲਬੀਰ ਸਿੰਘ ਅਦਾਲਤ ਚਲੇ ਗਏ, ਜਿਸ ਨੂੰ ਦੇਖਦਿਆਂ ਨਿਸ਼ਾਨ ਸਿੰਘ, ਜੁਝਾਰ ਸਿੰਘ ਤੇ ਗੁਰਮੁੱਖ ਸਿੰਘ ਨੇ ਵੀ ਅਦਾਲਤ ਦਾ ਸਹਾਰਾ ਲੈ ਲਿਆ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਗੁਰਬਚਨ ਸਿੰਘ, ਬਾਜ ਸਿੰਘ ਅਤੇ ਦਲਬੀਰ ਸਿੰਘ ਨੇ ਸਤੰਬਰ 2020 ਵਿੱਚ ਆਪਣੇ ਵੱਲੋਂ ਅਰਜ਼ੀ ਪੇਸ਼ ਕੀਤੀ ਅਤੇ ਇਨ੍ਹਾਂ ਨੇ ਸ਼੍ਰੋਮਣੀ ਕਮੇਟੀ ਦੇ ਇਸ ਫ਼ੈਸਲੇ ਨੂੰ ਗਲਤ ਦੱਸ ਕੇ ਨੌਕਰੀ ਜਾਰੀ ਰੱਖਣ ਦੇ ਲਾਭ ਲੈਣ ਦੀ ਅਪੀਲ ਕੀਤੀ ਸੀ।ਪਤਾ ਲੱਗਾ ਹੈ ਕਿ ਬੀਤੇ ਮੰਗਲਵਾਰ ਇਨ੍ਹਾਂ ਦੇ ਕੇਸ ਉੱਤੇ ਅਦਾਲਤ ਨੇ ਫ਼ੈਸਲਾ ਕਰਦਿੱਤਾ ਹੈ। ਭਾਵੇਂ ਉਸ ਫ਼ੈਸਲੇ ਦੀ ਕਾਪੀ ਨਹੀਂ ਮਿਲ ਸਕੀ, ਫੇਰ ਵੀ ਸ਼੍ਰੋਮਣੀ ਕਮੇਟੀ ਦੇ ਗਲਿਆਰੇ ਵਿਚ ਇਸ ਕੇਸ ਬਾਰੇ ਚਰਚਾ ਹੈ ਕਿ ਗੁਰ-ਬਚਨ ਸਿੰਘ, ਬਾਜ ਸਿੰਘ ਤੇ ਦਲਬੀਰ ਸਿੰਘ ਦੇ ਹੱਕ ਵਿਚ ਜੋ ਫ਼ੈਸਲਾ ਆਇਆ ਹੈ, ਇਸ ਨਾਲ ਇਨ੍ਹਾਂ ਨੂੰ ਰਾਹਤ ਮਿਲ ਗਈ ਹੈ ਅਤੇ ਆਸ ਬੱਝ ਗਈ ਹੈ ਕਿ ਬਾਕੀ ਸਾਰੇ ਮੁਲਾਜ਼ਮ, ਜਿਨ੍ਹਾਂ ਦਾ ਕੇਸ ਅਦਾਲਤ ਵਿੱਚ ਚੱਲਦਾ ਹੈ, ਇਸ ਫ਼ੈਸਲੇ ਨਾਲ ਉਨ੍ਹਾਂ ਦੇ ਕੇਸ ਵਿਚ ਫ਼ੈਸਲਾ ਦੇਣਾ ਹੋਰ ਵੀ ਆਸਾਨ ਹੋ ਜਾਵੇਗਾ।

# ਪੁਸ਼ਕਰ ਧਾਮੀ ਨੇ ਪ੍ਰਧਾਨ ਮੰਤਰੀ ਮੋਦੀ ਦੀ ਹਾਜ਼ਰੀ ਵਿੱਚ ਮੁੱਖ ਮੰਤਰੀ ਅਹੁਦੇ ਦੀ ਚੁੱਕੀ ਸਹੁੰ



ਦੇਹਰਾਦੂਨ, 23 ਮਾਰਚ, (ਪੋਸਟ ਬਿਊਰੋ)- ਉਤਰਾਖੰਡ ਵਿਧਾਨ ਸਭਾ ਚੋਣਾਂ ਵਿੱਚ ਹਾਰ ਰਹੀ ਭਾਰਤੀ ਜਨਤਾ ਪਾਰਟੀ ਨੂੰ ਜਿੱਤ ਦਿਵਾਉਣ ਵਾਲੇ ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਨੇ ਅੱਜ ਬੁੱਧਵਾਰ ਲਗਾਤਾਰ ਦੂਸਰੀ ਵਾਰ ਮੁੱਖ ਮੰਤਰੀ ਅਹੁਦੇ ਦੀ ਸਹੁੰ ਚੁੱਕੀ ਹੈ, ਜਿਸ ਮੌਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਕਈ ਕੇਂਦਰੀ ਮੰਤਰੀ ਹਾਜ਼ਰ ਸਨ।

ਦੇਹਰਾਦੂਨ ਦੀ ਪਰੇਡ ਗਰਾਊਂਡ ਵਿੱਚਕੀਤੇ ਗਏ ਸ਼ਾਨਦਾਰ ਸਮਾਰੋਹ ਵਿੱਚ ਰਿਟ-ਾਇਰਡਗਵਰਨਰ ਲੈਫਟੀਨੈਂਟ ਜਨਰਲ ਗੁਰਮੀਤ ਸਿੰਘ ਨੇ 46 ਸਾਲਾ ਪੁਸ਼ਕਰ ਸਿੰਘ ਧਾਮੀ ਨੂੰ ਅਹੁਦੇ ਦੀ ਸਹੁੰ ਚੁੱਕਾਈ। ਇਸ ਮੌਕੇ ਧਾਮੀ ਦੇ ਨਾਲ 8 ਕੈਬਨਿਟ ਮੰਤਰੀਆਂ ਨੇ ਵੀ ਅਹੁਦੇ ਦੀ ਸਹੁੰ ਚੁੱਕੀ, ਜਿਨ੍ਹਾਂ ਵਿੱਚੋਂ 5 ਸੱਤਪਾਲ ਮਹਾਰਾਜ, ਗਣੇਸ਼ ਜੋਸ਼ੀ, ਧਨਸਿੰਘ ਰਾਵਤ, ਸੁਬੋਧ ਓਨਿਆਲ ਅਤੇ ਰੇਖਾ ਆਰੀਆ ਭਾਜਪਾ ਦੀ ਪਿਛਲੀਆਂ ਸਰਕਾਰਾਂ ਵਿੱਚ ਵੀ ਸਨ। ਧਾਮੀ ਸਰਕਾਰ ਵਿੱਚ ਵਿਧਾਨ ਸਭਾ ਦੇਸਾਬਕਾ ਸਪੀਕਰ ਪ੍ਰੇਮਚੰਦਰ ਅਗਰਵਾਲ ਸਣੇ ਤਿੰਨ ਨਵੇਂ ਚਿਹਰੇ ਲਏ ਗਏ ਹਨ।ਦੂਸਰੇ ਦੋ ਨਵੇਂ ਮੰਤਰੀ ਸੌਰਭ ਬਹੁਗੁਣਾ ਤੇ ਚੰਦਨ ਰਾਮਦਾਸ ਹਨ। ਸੌਰਭ ਬਹੁਗੁਣਾ ਸਾਬਕਾ ਮੁੱਖ ਮੰਤਰੀ ਵਿਜੇ ਬਹੁਗੁਣਾ ਦੇ ਬੇਟੇ ਹਨ। ਉਤਰਾਖੰਡ ਦੀ 70 ਮੈਂਬਰੀ ਵਿਧਾਨ ਸਭਾ ਦੀਆਂ ਚੋਣਾਂ ਲਈ 10 ਮਾਰਚ ਨੂੰ ਆਏ ਨਤੀਜਿਆਂ ਵਿੱਚ ਭਾਜਪਾ ਨੇ 47 ਸੀਟਾਂਜਿੱਤ ਕੇ ਰਾਜ ਵਿੱਚ ਲਗਾਤਾਰ ਦੂਸਰੀ ਵਾਰ ਜਿੱਤਣ ਦਾ ਇਤਿਹਾਸ ਰਚਿਆ ਹੈ।

ਉਂਜ 'ਉਤਰਾਖੰਡ ਫਿਰ ਮਾਂਗੇ, ਮੋਦੀ-ਧਾਮੀ ਕੀ ਸਰਕਾਰ' ਦੇ ਨਾਅਰੇ ਨਾਲ ਵਿਧਾਨ ਸਭਾ ਚੋਣਾਂ ਲੜੀ ਭਾਜਪਾ ਦੀ ਚੋਣਾਂ ਵਿੱਚ ਅਗਵਾਈ ਕਰਨ ਵਾਲੇ ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਆਪਣੀ ਰਵਾਇਤੀ ਸੀਟ ਖਟੀਮਾ ਹਾਰ ਗਏ ਹਨ। ਇਸ ਦੇ ਬਾਵਜੂਦ ਪਾਰਟੀ ਦੇ ਹਾਈ ਕਮਾਂਡ ਨੇ ਰਾਜ ਦੀ ਵਾਗਡੋਰ ਉਨ੍ਹਾਂ ਨੂੰ ਫੜਾਈ ਹੈ।ਰਾਜ ਵਿੱਚ ਲਗਾਤਾਰ ਦੂਸਰੀ ਵਾਰ ਸੱਤਾ ਵਿੱਚ ਆਈ ਭਾਜਪਾ ਦੇ ਨਾਲ ਧਾਮੀ ਨੇ ਵੀ ਲਗਾਤਾਰ ਦੂਸਰੇ ਕਾਰਜਕਾਲ ਦੀ ਕਮਾਨ ਸੰਭਾਲ ਕੇ ਇਤਿਹਾਸ ਰਚਿਆ ਹੈ।ਵੱਖਰਾ ਰਾਜ ਬਣਨ ਦੇ 2 ਦਹਾਕਿਆਂ ਤੋਂ ਵੱਧ ਸਮੇਂਦੌਰਾਨ ਪਹਿਲੀ ਵਾਰ ਕਿਸੇ ਮੁੱਖ ਮੰਤਰੀ ਨੇ ਲਗਾਤਾਰ ਦੂਸਰੀ ਵਾਰ ਸਹੁੰ ਚੁੱਕੀ ਹੈ। ਇਸ ਤੋਂ ਪਹਿਲਾਂ ਭਾਜਪਾ ਦੇ ਸਾਬਕਾ ਮੇਜਰ ਜਨਰਲ ਭੁਵਨ ਚੰਦਰ ਖੰਡੂਰੀ ਨੇ 2 ਵਾਰ ਇਸ ਅਹੁਦੇ ਦੀ ਸਹੁੰ ਚੁੱਕੀ, ਪਰ ਉਨ੍ਹਾਂ ਦੇ 2 ਵਾਰ ਸਹੁੰ ਚੁੱਕਣ ਵਿਚਾਲੇ-ਇੱਕ ਹੋਰ ਆਗੂਮੁੱਖ ਮੰਤਰੀ ਰਹੇ ਸਨ।

# ਬੀਰਭੂਮ ਹਿੰਸਾ ਬਾਰੇ ਕੋਲਕਾਤਾ ਹਾਈ ਕੋਰਟ ਸਖ਼ਤ, ਸਰਕਾਰ ਤੋਂ 24 ਘੰਟੇ ਵਿੱਚ ਰਿਪੋਰਟ ਮੰਗੀ



ਕੋਲਕਾਤਾ, 23 ਮਾਰਚ, (ਪੋਸਟ ਬਿਊਰੋ)- ਪੱਛਮੀ ਬੰਗਾਲ ਦੇ ਬੀਰਭੂਮ ਜ਼ਿਲੇ ਵਿੱਚ ਹੋਈ ਹਿੰਸਾ ਬਾਰੇ ਕੋਲਕਾਤਾ ਹਾਈ ਕੋਰਟ ਸਖ਼ਤ ਹੋ ਗਈ ਹੈ। ਇਸ ਬਾਰੇ ਸੁਣਵਾਈ ਪਿੱਛੋਂ ਅਦਾਲਤ ਨੇ ਕਿਹਾ ਕਿ ਸੱਚਾਈ ਸਾਹਮਣੇ ਆਉਣੀ ਚਾਹੀਦੀ ਹੈ।ਬੀਰਭੂਮਜ਼ਿਲੇਵਿੱਚ ਹਿੰਸਾ ਦੀ ਘਟਨਾ ਵਿੱਚ ਅੱਠ ਲੋਕ ਸਾੜ ਕੇ ਮਾਰ ਦਿੱਤੇ ਗਏ ਸਨ, ਜਿਨ੍ਹਾਂਵਿੱਚ 2 ਬੱਚੇ ਵੀ ਸਨ ਤੇ ਇਸ ਹਿੰਸਾ ਦੀ ਗੂੰਜ ਦਿੱਲੀ ਵਿੱਚ ਪਾਰਲੀਮੈਂਟ ਤੱਕ ਵੀ ਚਰਚਾ ਵਿੱਚ ਆਈ ਹੈ।

ਕੋਲਕਾਤਾ ਹਾਈ ਕੋਰਟ ਨੇ ਸੁਣਵਾਈ ਮੌਕੇਪੁਲਿਸ ਨੂੰ 24 ਘੰਟੇ ਵਿੱਚ ਕੇਸ ਡਾਇਰੀ ਲਿਆਉਣ ਦੇ ਹੁਕਮ ਦੇ ਕੇ ਰਾਜ ਸਰਕਾਰ ਨੂੰ ਗਵਾਹਾਂ ਨੂੰ ਸੁਰੱਖਿਆ ਦੇ ਹੁਕਮ ਦਿੱਤੇ ਅਤੇ ਜਿਸ ਇਲਾਕੇ ਵਿੱਚ ਹਿੰਸਾ ਦੀ ਵਾਰਦਾਤ ਹੋਈ ਹੈ, ਉੱਥੇ ਕਿਸੇ ਵੀ ਚੀਜ਼ ਨਾਲ ਛੇੜਛਾੜ ਨਾ ਕਰਨ ਲਈ ਕਿਹਾ ਹੈ।ਕੋਲਕਾਤਾ ਹਾਈ ਕੋਰਟ ਨੇ ਕਿਹਾ ਕਿ ਇਸ ਇਲਾਕੇ ਵਿੱਚ ਸੀਸੀਟੀਵੀ ਕੈਮਰੇ ਲਾਏ ਜਾਣੇ ਚਾਹੀਦੇ ਹਨ। ਅਦਾਲਤ ਦੇ ਹੁਕਮ ਮੁਤਾਬਕ ਕ੍ਰਾਈਮ ਸੀਨ ਉੱਤੇ 24 ਘੰਟੇ ਕੈਮਰੇ ਨਾਲ ਨਜ਼ਰ ਰੱਖੀ ਜਾਵੇਗੀਅਤੇ ਇਸ ਦੇ ਸਬੂਤ ਇਕੱਠੇ ਕਰਨ ਲਈ ਦਿੱਲੀ ਤੋਂ ਫੋਰੈਂਸਿਕ ਟੀਮ ਬੁਲਾਈ ਗਈ ਹੈ। ਜਦੋਂ ਤੱਕ ਇਹ ਟੀਮ ਮੌਕੇ ਤੋਂ ਜ਼ਰੂਰੀ ਸਾਮਾਨ ਨਹੀਂ ਲੈ ਲੈਂਦੀ, ਓਦੋਂ ਤੱਕ ਘਟਨਾ ਸਥਾਨ ਉੱਤੇ ਤਿੱਖੀ ਨਜ਼ਰ ਰਹੇਗੀ।

ਦੂਸਰੇ ਪਾਸੇ ਵਿਰੋਧੀ ਧਿਰ ਇਸ ਪਿੱਛੋਂ ਮੁੱਖ ਮੰਤਰੀ ਮਮਤਾ ਬੈਨਰਜੀ ਦਾ ਅਸਤੀਫਾ ਮੰਗ ਰਹੀ ਹੈਅਤੇ ਮਮਤਾ ਬੈਨਰਜੀ ਨੇ ਕਿਹਾ ਹੈ ਕਿ ਜ਼ਿੰਮੇਵਾਰ ਅਫਸਰਾਂ ਨੂੰ ਓਥੋਂ ਹਟਾ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਕਤਲਾਂ ਨੂੰ ਜਾਇਜ਼ ਨਹੀਂ ਕਿਹਾ ਜਾ ਸਕਦਾ, ਪਰ ਅਜਿਹੀਆਂ ਘਟਨਾਵਾਂ ਉੱਤਰ ਪ੍ਰਦੇਸ਼, ਗੁਜਰਾਤ, ਮੱਧ ਪ੍ਰਦੇਸ਼ ਤੇ ਬਿਹਾਰ ਵਰਗੇ ਰਾਜਾਂ ਵਿੱਚ ਵੀ ਹੁੰਦੀਆਂ ਹਨ।ਉਨ੍ਹਾ ਨੇ ਦੋਸ਼ੀਆਂ ਦੇਖਿਲਾਫ ਸਖਤ ਕਾਰਵਾਈ ਦੀ ਗੱਲ ਕਹੀ ਹੈ। ਇਸ ਨੂੰ ਭਿਆਨਕ ਕਹਿ ਕੇ ਪੱਛਮੀ ਬੰਗਾਲ ਦੇ ਗਵਰਨਰ ਜਗਦੀਪ ਧਨਖੜ ਨੇ ਦਾਅਵਾ ਕੀਤਾਕਿ ਰਾਜ ਹਿੰਸਾ ਅਤੇ ਅਰਾਜਕਤਾ ਦੇ ਸੱਭਿਆਚਾਰ ਦੀ ਲਪੇਟ ਵਿੱਚਹੈ ਅਤੇ ਕੇਂਦਰੀ ਗ੍ਰਹਿ ਮੰਤਰਾਲੇ ਨੇ ਇਸ ਬਾਰੇ ਪੱਛਮੀ ਬੰਗਾਲ ਸਰਕਾਰ ਤੋਂ ਰਿਪੋਰਟ ਮੰਗੀ ਹੈ।ਪੱਛਮੀ ਬੰਗਾਲ ਦੇ ਬੀਰਭੂਮ ਜ਼ਿਲੇ ਵਿੱਚ ਸੋਮਵਾਰ ਤ੍ਰਿਣਮੂਲ ਕਾਂਗਰਸ ਦੇ ਇੱਕ ਨੇਤਾ ਦੇ ਕਤਲਪਿੱਛੋਂ ਰਾਮ-ਪੁਰਹਾਟ ਦੇ ਨੇੜਲੇ ਪਿੰਡ ਵਿੱਚਝੌਂਪੜੀਆਂ ਨੂੰ ਅੱਗ ਲਾਈ ਗਈਤਾਂ ਜਿਸ ਵਿੱਚ ਬੱਚਿਆਂ ਤੇ ਔਰਤਾਂ ਸਮੇਤ 8 ਲੋਕਾਂ ਦੀ ਸੜ ਕੇ ਮੌਤ ਹੋ ਗਈ ਸੀ।

# ਨਵੇਂ ਪੰਚਾਇਤ ਮੰਤਰੀ ਨੇ ਪਿਛਲੀ ਸਰਕਾਰ ਵੱਲੋਂ ਆਖਰੀ ਸਮੇਂ ਜਾਰੀ ਕੀਤੇ ਫੰਡ ਰੋਕੇ

*** ਫੰਡਾਂ ਵਿੱਚ ਭ੍ਰਿਸ਼ਟਾਚਾਰ ਦੀ ਜਾਂਚ ਕਰਵਾਈ ਜਾਣ ਲੱਗੀ**

ਅੰਮ੍ਰਿਤਸਰ, 23 ਮਾਰਚ, (ਪੋਸਟ ਬਿਊਰੋ)- ਭਗਵੰਤ ਮਾਨ ਸਰਕਾਰ ਨੇ ਅੱਜ ਇਕ ਹੋਰ ਵੱਡਾ ਫੈਸਲਾ ਲਿਆ ਅਤੇ ਇਸ ਤੋਂ ਪਹਿਲੀ ਚਰਨਜੀਤ ਸਿੰਘ ਚੰਨੀਦੀ ਕਾਂਗਰਸ ਸਰਕਾਰ ਵੱਲੋਂ ਆਪਣੇ ਆਖਰੀ ਸਮੇਂ ਜਾਰੀ ਕੀਤੇ ਫੰਡ ਖਰਚਣ ਉੱਤੇ ਰੋਕ ਲਾਦਿੱਤੀ ਹੈ।ਆਮ ਆਦਮੀ ਪਾਰਟੀ ਸਰਕਾਰ ਨੇ ਸੱਤਾ ਸੰਭਾਲਦੇ ਸਾਰ ਪੰਚਾਇਤੀ ਵਿਭਾਗ ਵੱਲੋਂ ਕਿਸੇ ਵੀ ਤਰ੍ਹਾਂ ਦੀ ਸਕੀਮ ਦਾ ਪੈਸਾ ਵਰਤਣ ਉੱਤੇ ਪਾਬੰਦੀ ਲਾ ਦਿੱਤੀ ਹੈ ਤੇ ਇਹਭ੍ਰਿਸ਼ਟਾਚਾਰ ਨੂੰ ਨੱਥ ਪਾਉਣ ਲਈ ਇਸ ਸਰਕਾਰ ਦਾ ਪਹਿਲਾ ਵੱਡਾ ਕਦਮ ਦੱਸਿਆ ਜਾ ਰਿਹਾ ਹੈ, ਜਿਸ ਨਾਲ ਹਲਚਲ ਸ਼ੁਰੂ ਹੋ ਗਈ ਹੈ।

ਵਰਨਣ ਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਬੀਤੇ ਸੋਮਵਾਰ ਆਪਣੀ ਸਰਕਾਰ ਦੇ ਮੰਤਰੀਆਂ ਨੂੰ ਵਿਭਾਗਾਂ ਦੀ ਵੰਡ ਕੀਤੀ ਤਾਂ ਕੁਲਦੀਪ ਸਿੰਘ ਧਾਲੀਵਾਲ ਨੂੰ ਦਿਹਾਤੀ ਵਿਕਾਸ ਤੇ ਪੰਚਾਇਤ ਵਿਭਾਗ ਦਿੱਤਾ ਹੈ। ਉਨ੍ਹਾਂ ਮੁੱਖ ਮੰਤਰੀ ਦਾ ਧੰਨਵਾਦ ਕਰਦੇ ਹੋਇਆ ਕਿਹਾ ਕਿ ਇਸ ਸਮੇਂ ਵੱਡੀ ਚੁਣੌਤੀਇਹ ਹੈ ਕਿ ਪਹਿਲੀਆਂ ਸਰਕਾਰਾਂ ਦੌਰਾਨ ਪੰਚਾਇਤਾਂ ਵਿੱਚ ਵੱਡੇ ਘਪਲੇ ਹੋਏਅਤੇ ਵਿਕਾਸ ਦੇ ਬਹਾਨੇ ਕਰੋੜਾਂ ਰੁਪਏ ਖਰਾਬ ਹੋਏ ਸਨ। ਜਿਹੜੇ ਪੈਸੇ ਸਰਪੰਚ ਖਾ ਗਏ, ਉਨ੍ਹਾਂ ਦੀ ਜਾਂਚ ਕਰਵਾ ਕੇ ਸਖਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਇਹ ਲੋਕਾਂ ਦਾ ਪੈਸਾ ਹੈ ਤੇ ਸਰਪੰਚ ਨੂੰ ਅਧਿਕਾਰ ਨਹੀਂ ਕਿ ਲੋਕਾਂ ਦਾ ਪੈਸਾ ਛਕ ਜਾਵੇ ਅਤੇ ਜੇ ਕਿਸੇ ਹਲਕੇ ਦੇ ਵਿਧਾਇਕ ਨਾਲ ਰਲ ਕੇ ਖਾਧੇ ਹੋਏ, ਤਾਂ ਵਿਧਾਇਕ ਵਿਰੁੱਧ ਵੀ ਕਾਰਵਾਈ ਹੋਵੇਗੀ। ਉਨ੍ਹਾਂ ਕਿਹਾ ਕਿ ਮੈਂ ਖੁਦ ਸਰਪੰਚ ਰਿਹਾ ਹੋਣ ਕਰ ਕੇ ਪਤਾ ਹੈ ਕਿ ਕੁਝ ਲੋਕ ਕੀ ਕਰਦੇ ਹਨ।ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਪੰਚਾਇਤਾਂ ਕੋਲ ਬੜੀਆਂ ਤਾਕਤਾਂ ਹੁੰਦੀਆਂ ਹਨ, ਪਰ ਕਈ ਸਰਪੰਚਾਂ ਨੂੰ ਉਨ੍ਹਾਂ ਦੀਆਂ ਤਾਕਤਾਂ ਦੇ ਬਾਰੇ ਪਤਾ ਨਹੀਂ ਹੁੰਦਾ, ਜਿਸ ਦੇ ਲਈ ਸਰਪੰਚਾਂ ਨੂੰ ਜਾਗਰੂਕ ਵੀ ਕੀਤਾ ਜਾਵੇਗਾ।

# ਇਲਾਜ ਵਿੱਚ ਲਾਪਰਵਾਹੀ ਕਾਰਨ ਡਾਕਟਰ ਨੂੰ ਮਰੀਜ਼ ਤੋਂ ਲਏ ਦੋ ਲੱਖ ਰੁਪਏ ਵਿਆਜ ਸਮੇਤ ਮੋੜਨੇ ਪਏ

ਚੰਡੀਗੜ੍ਹ, 23 ਮਾਰਚ (ਪੋਸਟ ਬਿਊਰੋ)- ਜਲੰਧਰ ਦੇ ਵਸਨੀਕ ਜਸਪ੍ਰੀਤ ਸਿੰਘ ਧਾਮੀ ਦੀ ਆਰਥੋ ਸਰਜਰੀ ਦੇ ਬਾਅਦ ਤਕਲੀਫ ਹੋਰ ਵਧ ਗਈ ਥਾਂ ਡਾਕਟਰ ਠੀਕ ਨਹੀਂ ਸੀ ਕਰ ਸਕਿਆ। ਮਾਮਲਾ ਸਟੇਟ ਕੰਜਿਊਮਰ ਡਿਸਪਊਟ ਰਿਡ੍ਰੈਸਲ ਕਮਿਸ਼ਨ ਪੰਜਾਬ ਦੇ ਕੋਲ ਪਹੁੰਚਿਆ ਤਾਂ ਕਮਿਸ਼ਨ ਦੇ ਸੀਨੀਅਰ ਜਸਟਿਸ ਦਇਆ ਚੌਧਰੀ ਨੇ ਮਰੀਜ਼ ਦੇ ਹੱਕ ਦਾ ਫੈਸਲਾ ਸੁਣਾਉਂਦੇ ਹੋਏ ਹਸਪਤਾਲ ਦੀ ਅਪੀਲ ਰੱਦ ਕਰ ਕੇ ਡਾਕਟਰ ਨੂੰ 2015 ਤੋਂ ਲੈ ਕੇ ਆਦੇਸ਼ ਆਉਣ ਤਕ 9 ਪ੍ਰਤੀਸ਼ਤ ਵਿਆਜ ਸਮੇਤ ਮਰੀਜ਼ ਤੋਂ ਲਏ ਦੋ ਲੱਖ ਰੁਪਏ 45 ਦਿਨ ਵਿੱਚ ਮੋੜਨ ਨੂੰ ਕਿਹਾ ਹੈ। ਨਾਲ ਕਮਿਸ਼ਨ ਜਲੰਧਰ ਦੇ 2 ਦਸੰਬਰ 2019 ਦੇ ਆਦੇਸ਼ਾਂ ਅਨੁਸਾਰ 80000 ਰੁਪਏ ਹਰਜਾਨਾ ਅਦਾ ਕਰਨ ਨੂੰ ਕਿਹਾ ਹੈ। ਸਰਜਰੀ ਕਰਾਉਣ ਵਾਲੇ ਮਰੀਜ਼ ਜਸਪ੍ਰੀਤ ਸਿੰਘ ਧਾਮੀ ਦੀ ਉਮਰ 26 ਸਾਲ ਹੈ। ਕਮਿਸ਼ਨ ਨੇ ਕਿਹਾ ਕਿ ਡਾਕਟਰ ਵੱਲੋਂ ਸਰਜਰੀ ਦੇ ਦੌਰਾਨ ਕੀਤੀ ਲਾਪਰਵਾਹੀ ਕਿਸੇ ਅਪਰਾਧ ਤੋਂ ਘੱਟ ਨਹੀਂ।ਧਾਮੀ ਨੇ 6 ਨਵੰਬਰ 2015 ਨੂੰ ਜਲੰਧਰ ਦੇ ਆਸਥਾ ਹਸਪਤਾਲ ਦੇ ਡਾਕਟਰ ਐਲ ਐਸ ਚੌਧਰੀ ਤੋਂ ਹਿਪ ਸਰਜਰੀ ਕਰਵਾਈ ਸੀ। ਇਸਦੇ ਬਾਅਦ ਉਸਦੀ ਤਕਲੀਫ ਹੋਰ ਵਧ ਗਈ, ਜੋਡਾਕਟਰ ਦੀ ਸਮਝ ਵਿੱਚ ਨਹੀਂ ਆਈ। ਇਸ ਦੇ ਕਾਰਨ ਉਸ ਨੂੰ ਕਈ ਮੁਸੀਬਤਾਂ ਦਾ ਸਾਹਮਣਾ ਕਰਨਾ ਪਿਆ। ਡਿਸਿਟ੍ਰਕਟ ਕੰਜਿਊਮਰ ਕਮਿਸ਼ਨ ਜਲੰਧਰ ਦੇ ਆਦੇਸ਼ਾਂ ਨੂੰ ਸਟੇਟ ਕਮਿਸ਼ਨ ਵਿੱਚ ਚੁਣੌਤੀ ਦਿੰਦੇ ਹੋਏ ਹਸਪਤਾਲ ਪ੍ਰਬੰਧਕ ਅਤੇ ਡਾਕਟਰ ਨੇ ਕਿਹਾ ਕਿ ਉਹ 26 ਸਾਲਾਂ ਤੋਂ ਅੱਜ ਤਕ ਸੈਕੜੇ ਸਰਜਰੀਆਂ ਕਰ ਚੁੱਕੇ ਹਨ, ਪਰ ਕਿਸੇ ਦੀ ਸ਼ਿਕਾਇਤ ਨਹੀਂ ਆਈ। ਇਸ ਲਈ ਲਾਪਰਵਾਹੀ ਦਾ ਸਵਾਲ ਨਹੀਂ ਉਠਦਾ। ਜਸਪ੍ਰੀਤ ਦੇ ਵਕੀਲ ਦੀ ਦਲੀਲ ਸੀ ਕਿ 26 ਸਾਲਾਂ ਵਿੱਚ ਗਲਤੀ ਨਹੀਂ ਹੋਈ ਤਾਂ ਇਸਦਾ ਮਤਲਬ ਇਹ ਨਹੀਂ ਕਿ ਕਦੀ ਗਲਤੀ ਨਹੀਂ ਹੋ ਸਕਦੀ।

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Harcharan S. Grover
Chartered Accountant
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9

REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
25 years of Canadian Experience
OPEN MON - SAT 9AM TO 7PM
CHEEMA
LOWEST PRICE IN TOWN
Towing Service Car Paint Starts $799*upto 100% Deductible Paid*
Call Rick or Manminder Cheema: 416.749.9596 /416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

NEED A LAWYER ??
Red Seal NOTARY
KAUR LAW OFFICE
MANJEET KAUR
LL.B., (London UK)
Barrister, Solicitor & Notary Public
REAL ESTATE LAWYER
• Residential & Commercial
• Sale/Purchase of House
• Mortgage & Refinancing
• Drafting/Reviewing Agreements
• Title Transfer
• 2nd Mortgage
IMMIGRATION
• Skilled Worker Category
• Spousal & Family Sponsorship
• Student Permits Visa & Renewals
• PR Renewal/ Citizenship Application
FAMILY LAWYER
• Child & Spousal support
• Custody & Access
• Divorce
• Equalization
BUSINESS LAW
• Incorporation & Shareholder agreements
• Sales & Purchase of Assets & Shares
• Notarization & Affidavits
WILLS & ESTATE
• Wills
• Certificate of Estate Trustee with/without Will
• Power of attorney for Property & Personal Care
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

Grand Upholstery Ltd
Sofa Company Originality in Every Piece
Special on Sale
• ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
• ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
• ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
• ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ
ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋਂ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
2053 williams Pkway unit #45, Brampton, ON L6S 5T4 Email: grandupholsery@gmail.com

# ਕਬੱਡੀ ਡਰੱਗ ਤੋਂ ਗੁੰਡਾਗਰਦੀ ਦੇ ਜੱਫੇ ਤੱਕ



-ਪ੍ਰਿੰ. ਸਰਵਣ ਸਿੰਘ-



ਕਬੱਡੀ ਖਿਡਾਰੀਆਂ ਦੀਆਂ ਡਰੱਗ ਤੇ ਗੋਲੀਆਂ ਨਾਲ ਹੁੰਦੀਆਂ ਜੁਆਨ ਮੌਤਾਂ, ਪੰਜਾਬੀਆਂ ਦੀ ਮਾਂ ਖੇਡ ਕਬੱਡੀ ਦੇ ਕਫ਼ਨ ਵਿੱਚ ਕਿੱਲ ਸਾਬਤ ਹੋ ਰਹੀਆਂ ਹਨ। ਜੇਕਰ ਇਸ ਸਾੜ੍ਹਸਤੀ ਨੂੰ ਹੁਣ ਵੀ ਨਾ ਰੋਕਿਆ ਗਿਆ ਤਾਂ ਕਬੱਡੀ ਦਾ ਭੋਗ ਪੈਣ ਵਾਲਾ ਹੀ ਸਮਝੋ। ਹਾਲੇ ਵੀ ਸੰਭਲ ਜਾਣ ਦਾ ਵੇਲਾ ਹੈ। ਸਮਾਂ ਬੀਤਣ ’ਤੇ ਫਿਰ ਸਾਨੂੰ ਖੇਡ ਲੇਖਕਾਂ ਨੂੰ ਮਿਹਣੇ ਨਾ ਮਾਰਨਾ ਕਿ ਖਿਡਾਰੀਆਂ, ਖੇਡ ਅਧਿਕਾਰੀਆਂ ਤੇ ਖੇਡ ਪ੍ਰੇਮੀਆਂ ਨੂੰ ਵੇਲੇ ਸਿਰ ਸੁਚੇਤ ਨਹੀਂ ਕੀਤਾ ਅਤੇ ਸਮਾਜ ਤੇ ਸਰਕਾਰ ਨੂੰ ਸਮੇਂ ਸਿਰ ਨਹੀਂ ਜਗਾਇਆ। ਹੁਣ ਤਾਂ ‘ਕਬੱਡੀ ਡਰੱਗ ਦੇ ਜੱਫੇ’ ਤੋਂ ‘ਗੁੰਡਾਗਰਦੀ ਦੇ ਜੱਫੇ’ ਤੱਕ ਜਾ ਪੁੱਜੀ ਹੈ। ਕਬੱਡੀ ਸਟਾਰ ਸੰਦੀਪ ਨੰਗਲ ਅੰਬੀਆ ਦਾ ਦਰਦਨਾਕ ਕਤਲ ਇਸ ਦਾ ਤਾਜ਼ਾ ਦੁਖਾਂਤ ਹੈ। ਉਸ ਦੇ ਨਿੱਕੇ-ਨਿੱਕੇ ਦੋ ਮਸੂਮ ਬੱਚੇ, ਵਿਧਵਾ ਪਤਨੀ ਤੇ ਬੁੱਢੇ ਮਾਪਿਆਂ ਦਾ ਕੀ ਹਾਲ ਹੋਵੇਗਾ?

ਕਬੱਡੀ ਵਿਚ ਡਰੱਗ ਦੀ ਐਂਟਰੀ ਦਾ ਭੇਤ ਨਸ਼ਰ ਕਰਨ ਵਾਲਾ ਲੇਖ ‘ਕਬੱਡੀ ਨੂੰ ਡਰੱਗ ਦਾ ਜੱਫਾ’ ਕਬੱਡੀ ਖਿਡਾਰੀਆਂ ਨੇ ਹੀ ਡਰੱਗੀ ਖਿਡਾਰੀਆਂ ਬਾਰੇ ਦੱਸ ਕੇ ਮੈਥੋਂ ਲਿਖਵਾਇਆ ਸੀ।

2007 ਵਿੱਚ ਛਪੀ ਮੇਰੀ ਕਿਤਾਬ ‘ਕਬੱਡੀ ਕਬੱਡੀ ਕਬੱਡੀ’ ਵਿੱਚ ਉਹ ਲੇਖ ਛਪਣ ਉਤੇ ਕਈ ਕਬੱਡੀ ਖਿਡਾਰੀ ਤੇ ਕੁਝ ‘ਕਬੱਡੀ ਪ੍ਰਮੋਟਰ’ ਨਾਰਾਜ਼ ਵੀ ਹੋਏ ਸਨ। ਉਨ੍ਹਾਂ ਦਾ ਉਲਾਂਭਾ ਸੀ ਕਿ ਮੈਂ ਘਰ ਦਾ ਭੇਤੀ ਹੋ ਕੇ ਲੰਕਾ ਢਾਹ ਰਿਹਾਂ ਅਤੇ ਕਹਿਣ ਲੱਗ ਪਏ ਸਨ ਪਈ ਪ੍ਰਿੰਸੀਪਲ ਹੁਣ ਕੁਮੈਂਟਰੀ ਕਰਨ ਦੀ ਥਾਂ ਸਿੱਖਿਆ ਦੇਣ ਲੱਗ ਪਿਐ। ਫਿਰ ਬਿੱਲੀ ਥੈਲਿਓਂ ਬਾਹਰ ਆ ਗਈ ਤੇ ਖਿਡਾਰੀਆਂ ਦਾ ਡਰੱਗ ਲੈਣ ਦਾ ਗੁੱਝਾ ਭੇਤ ਜੱਗ ਜ਼ਾਹਿਰ ਹੋ ਗਿਆ। 2008 ਵਿਚ ਕੈਨੇਡਾ ਤੇ ਯੂਕੇ ਦਾ ਕਬੱਡੀ ਸੀਜ਼ਨ ਖੇਡਣ ਪਹੁੰਚੇ ਢਾਈ ਸੌ ਖਿਡਾਰੀਆਂ ਵਿਚੋਂ ਡੋਪਿੰਗ ਟੈੱਸਟ ਕਰਨ ’ਤੇ 119 ਖਿਡਾਰੀ ਡਰੱਗੀ ਨਿਕਲੇ। ਭੇਤੀਆਂ ਨੇ ਦੱਸਿਆ ਕਿ ਹਰੇਕ ਸੀਜ਼ਨ ਕਰੋੜ ਕੁ ਰੁਪਏ ‘ਸਪਲੀਮੈਂਟਾਂ’ ਦੇ ਨਾਂ ’ਤੇ ‘ਸ਼ਕਤੀਵਰ’ ਬਣਨ ਲਈ ਘਾਤਕ ਡਰੱਗਾਂ ਉਤੇ ਡੋਲ੍ਹੇ ਜਾਂਦੇ ਹਨ ਜਿਸ ਨਾਲ ਡਰੱਗ ਦਾ ਧੰਦਾ ਕਰਨ ਵਾਲਿਆਂ ਦੇ ਵਾਰੇ ਨਿਆਰੇ ਹੁੰਦੇ ਹਨ। ਭੇਤ ਨਸ਼ਰ ਹੋਣ ਪਿੱਛੋਂ ਡਰੱਗ ਦਾ ਧੰਦਾ ਘਟਣ ਦੀ ਥਾਂ ਸਗੋਂ ਵਧਦਾ ਹੀ ਗਿਆ।

ਉਲਟਾ ਡਰੱਗ ਲੈਣ ਵਾਲੇ ਖਿਡਾਰੀ ਕਹਿਣ ਲੱਗ ਪਏ ਕਿ ਸਾਨੂੰ ਈ ਬਦਨਾਮ ਨਾ ਕਰੀ ਚੱਲੋ, ਸਾਡਾ ਪੱਖ ਵੀ ਦੱਸੋ ਪਈ ਅਸੀਂ ਡਰੱਗ ਕਿਉਂ ਲੈਂਦੇ ਹਾਂ? ਉਹ ਕਹਿੰਦੇ ਰਹੇ ਕਿ ਟੀਕੇ ਲਗਵਾਉਣੇ ਤੇ ਕੈਪਸੂਲ ਲੈਣੇ ਸਾਡਾ ਸ਼ੌਕ ਨਹੀਂ ਬਲਕਿ ਮਜਬੂਰੀ ਹੈ। ਅਸੀਂ ਚਾਅ ਨਾਲ

ਡੋਪਿੰਗ ਨਹੀਂ ਕਰਦੇ ਤੇ ਨਾ ਹੀ ਸਾਡਾ ਮਨ ਮੰਨਦੈ। ਪਰ ਜਦੋਂ ਮੂਹਰੇ ਦੂਜੇ ਕਲੱਬ ਦੀ ਟੀਮ ਵਾਲੇ ਟੀਕੇ ਲਾ ਕੇ ਖੜ੍ਹੇ ਹੁੰਦੇ ਆ ਤਾਂ ਫੇਰ ਅਸੀਂ ਵੀ ਓਹੀ ਕੁਛ ਕਰਦੇ ਆਂ। ਮੈਚ ਵੀ ਨਿੱਤ ਤਿੰਨ-ਤਿੰਨ ਚਾਰ-ਚਾਰ ਖੇਡਣੇ ਪੈਂਦੇ ਆ ਜਿਸ ਕਰਕੇ ਜ਼ੋਰ ਵਿਤੋਂ ਬਾਹਰਾ ਲੱਗਦੈ।

ਜਿਨ੍ਹਾਂ ਤੋਂ ਵਾਰ-ਵਾਰ ਰੇਡਾਂ ਪੁਆਈਆਂ ਜਾਂਦੀਆਂ ਜਾਂ ਜੱਫੇ ’ਤੇ ਜੱਫੇ ਲੁਆਏ ਜਾਂਦੇ ਆ ਉਹ ਡਰੱਗ ਨੀ ਲੈਣਗੇ ਤਾਂ ਹੋਰ ਕੀ ਕਰਨਗੇ?

ਉਹ ਇਹ ਵੀ ਕਹਿੰਦੇ ਆ ਰਹੇ ਹਨ ਕਿ ਸਾਡੇ ’ਤੇ ਪੈਸੇ ਲਾਉਣ ਵਾਲੇ ਅਤੇ ਇੰਡੀਆ ਤੋਂ ਖਿਡਾਰੀ ਮੰਗਾਉਣ ਵਾਲੇ ਕਲੱਬਾਂ ਦਾ ਦਬਾਅ ਹੁੰਦੈ ਪਈ ਕੱਪ ਜ਼ਰੂਰ ਜਿੱਤਣੈ, ਜਿਵੇਂ ਮਰਜ਼ੀ ਜਿੱਤੋ। ਜਿਹੜੇ ਟੀਕੇ ਆਖੋਂ ਅਸੀਂ ਆਪ ਲਿਆ ਦਿੰਨੇ ਆਂ। ਅਸੀਂ ਵੀ ਸਮਝਦੇ ਆਂ ਕਿ

ਕੱਪ ਜਿੱਤ ਕੇ ਦੇਵਾਂਗੇ ਤਾਂ ਹੀ ਅਗਲੀ ਵਾਰ ਖਿਡਾਉਣਗੇ। ਇੰਡੀਆ ਤੋਂ ਕਬੱਡੀ ਸੀਜ਼ਨ ਖੇਡਣ ਆਏ ਇਹ ਵੀ ਕਹਿੰਦੇ ਨੇ, “ਜੀ, ਮਸਾਂ ਮੌਕਾ ਮਿਲਦੈ ਬਾਹਰਲਾ ਸੀਜ਼ਨ ਖੇਡਣ ਦਾ। ਆਖੀਦੈ ਬਈ ਕਿੇ-ਟੂਕੇ ਲਾ ਕੇ ਹਜ਼ਾਰ ਦੋ ਹਜ਼ਾਰ ਡਾਲਰ/ਪੌਂਡ ਹੋਰ ਬਣਾ ਲਈਏ, ਫੇਰ ਕੀਹਨੇ ਪੁੱਛਣੈ? ਜਦੋਂ ਇੱਕ-ਇੱਕ ਜੱਫੇ ’ਤੇ ਲੱਖ-ਲੱਖ ਰੁਪਈਆਂ ਦਾ ਇਨਾਮ ਲੱਗਜੇ, ਫੇਰ ਜਾਨ ਭਾਵੇਂ ਜਾਂਦੀ ਰਹੇ, ਲੱਖ ਥੋੜ੍ਹੋ ਜਾਣ ਦੇਈਦਾ!”

ਸੱਚੀ ਗੱਲ ਹੈ ਤਾੜੀ ਦੋਹਾਂ ਹੱਥਾਂ ਨਾਲ ਵੱਜਦੀ ਹੈ। ਖਿਡਾਰੀਆਂ ਨੂੰ ਡਰੱਗ ’ਤੇ

ਲਾਉਣ ਲਈ ਕੁਝ ਕਲੱਬ ਤੇ ਅਕੈਡਮੀਆਂ ਵੀ ਜ਼ਿੰਮੇਵਾਰ ਹਨ। ਕੁਝ ਕੋਚ ਵੀ ਵਗਦੀ ਗੰਗਾ ’ਚੋਂ ਹੱਥ ਧੋਂਦੇ ਸੁਣੇ ਹਨ। ਸਿੰਥੈਟਿਕ ਡਰੱਗਾਂ ਯਾਣੀ ਚਿੱਟੇ ਦਾ ਨਜਾਇਜ਼ ਧੰਦਾ ਕਰਨ ਵਾਲਿਆਂ ਦਾ ਹੱਥ ਤਾਂ ਹੈ ਹੀ, ਹਿੱਸਾ-ਪੱਤੀ ਵਾਲੇ ਹੋਰ ਵੀ ਰਲੇ ਮਿਲੇ ਹੋਣਗੇ। ਕਦੇ ਵੀ ਵੇਖ ਲਓ। ਕਬੱਡੀ ਦੇ ਟੂਰਨਾਮੈਂਟਾਂ ਵੇਲੇ ਜਿਹੜੇ ਖਿਡਾਰੀਆਂ ਦੀਆਂ ਗੱਡੀਆਂ ਬੰਬੀਆਂ ਨੇੜੇ ਖੜ੍ਹੀਆਂ ਹੁੰਦੀਆਂ ਓਥੇ ਹੁੰਦੀ ਆ ਡੋਪਿੰਗ ਦੀ ਸਾਰੀ ਕਾਰਵਾਈ। ਕਿਸੇ ਦੇ ਟੀਕਾ, ਕਿਸੇ ਨੂੰ ਕੈਪਸੂਲ ਤੇ ਕਿਸੇ ਦੇ ਸਪਰੇਅ। ਬੰਬੀਆਂ ਵਾਲਿਆਂ ਨੂੰ ਪਤਾ ਉਦੋਂ ਲੱਗਦਾ ਜਦੋਂ ਸਵੇਰੇ ਸਰਿੰਜਾਂ ਦੀਆਂ ਸੂਈਆਂ ਪੈਰਾਂ ’ਚ ਚੁਭਦੀਆਂ। ਸੱਥਾਂ ’ਚ ਗੱਲਾਂ ਹੁੰਦੀਆਂ, ਜਿਥੇ ਸੂਈਆਂ ਖਿੰਡੀਆਂ ਲੱਭਣ ਸਮਝ ਲਓ ਬਈ ਓਥੇ ਕਬੱਡੀ ਦੇ ਖਿਡਾਰੀ ਆਏ ਹੋਣਗੇ! ਡਰੱਗ ਦੇ ਭੇਤੀ ਨੇ ਭੇਤ ਦੀ ਇੱਕ ਹੋਰ ਗੱਲ ਵੀ ਦੱਸੀ: ਕਈ ਖਿਡਾਰੀ ਟੂਰਨਾਮੈਂਟ ’ਚ ਕੱਛਾ ਜਾਂਘੀਆ ਲਿਜਾਣਾ ਬੇਸ਼ੱਕ ਭੁੱਲ ਜਾਣ ਪਰ ਟੀਕਿਆਂ ਵਾਲੀ ਕਿੱਟ ਨੀ ਭੁੱਲਦੇ! ਹੁਣ ਉਹ ਗੱਲ ਨਹੀਂ ਰਹੀ ਬਈ ਮੈਚ ਓਹੀਓ ਜਿੱਤਣਗੇ, ਜਿਨ੍ਹਾਂ ਦੇ ਡੌਲਿਆਂ ਪੱਟਾਂ ਵਿੱਚ ਜਾਨਾਂ। ਹੁਣ ਤਾਂ ਉਹ ਗੱਲ ਹੋਈ ਪਈ ਐ, ਕੱਪ ਓਹੀਓ ਜਿੱਤਣਗੇ ਜਿਨ੍ਹਾਂ ਦੇ ਬੈਗਾਂ ਵਿੱਚ ਸਮਾਨਾ!

(ਬਾਕੀ ਫੇਰ)

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | **Gyan Singh,** |
| **Office Admin** | **Sajandeep Singh** |
| **Graphic Designer** | **Angrez Singh** |
| **Photographer** | Kanwaljit Singh Kanwal |
| **Distributer Marketing:** | Aman Warraich<br>**Sajandeep Singh** |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser’s use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਰਾਵੀ ਜਿਹਲਮ ਚਨਾਬ ਨੂੰ ਸਲਾਮ ਆਖਣਾ

-ਪ੍ਰਿੰ. ਸਰਵਣ ਸਿੰਘ-

ਮੈਂ ਸੁਪਨੇ ਲੈ ਰਿਹਾ ਸਾਂ, ਕਾਸ਼! ਭਾਰਤ-ਪਾਕਿ ਵਿਚਕਾਰ ਵੰਡੇ ਪੰਜਾਬੀ ਖਿਡਾਰੀ ਮੁੜ ਇਕੱਠੇ ਖੇਡਣ। 1950ਵਿਆਂ ’ਚ ਦੋਹਾਂ ਪੰਜਾਬਾਂ ਵਿਚਕਾਰ ਕਬੱਡੀ ਤੇ ਹਾਕੀ ਦੇ ਮੈਚ ਅਤੇ ਅਥਲੈਟਿਕਸ ਮੀਟਾਂ ਹੋਣੀਆਂ ਸ਼ੁਰੂ ਹੋਈਆਂ ਸਨ ਜੋ 1965 ਤੇ 71 ਦੀਆਂ ਲੜਾਈਆਂ ਕਾਰਨ ਬੰਦ ਹੋ ਗਈਆਂ। 1980 ’ਚ ਮੈਂ ‘ਕਬੱਡੀ ਪੰਜਾਬ ਦੀ’ ਵਿਚ ਲਿਖਿਆ: ਜੇਕਰ ਚੜ੍ਹਦੇ ਤੇ ਲਹਿੰਦੇ ਪੰਜਾਬ ਦੀਆਂ ਕਬੱਡੀ ਟੀਮਾਂ ਦਾ ਮੈਚ ਹੁਣ ਹੋਵੇ ਤਾਂ ਪੰਜਾਬ ਦਾ ਕੋਈ ਵੀ ਸਟੇਡੀਅਮ ਦਰਸ਼ਕਾਂ ਦੀਆਂ ਭੀੜਾਂ ਨਾ ਸਮਾ ਸਕੇ। ਇਕ ਬੰਨੇ ਲਹੌਰੀਏ, ਪਸ਼ੌਰੀਏ ਤੇ ਲਾਇਲਪੁਰੀਏ ਹੋਣਗੇ ਅਤੇ ਦੂਜੇ ਬੰਨੇ ਜਲੰਧਰੀਏ, ਹੁਸ਼ਿਆਰਪੁਰੀਏ ਤੇ ਅੰਬਰਸਰੀਏ। ਸਿਆਲਕੋਟੀਆਂ, ਫਰੀਦਕੋਟੀਆਂ, ਸ਼ੇਖ਼ੂਪੁਰੀਆਂ ਤੇ ਫਿਰੋਜ਼ਪੁਰੀਆਂ ਵਿਚਕਾਰ ਬੁਰਦਾਂ ਲੱਗਣਗੀਆਂ। ਜਿੱਤਾਂ ਹਾਰਾਂ ਹੋਣਗੀਆਂ ਤੇ ਗਿੱਧੇ ਭੰਗੜੇ ਪੈਣਗੇ। ਮਿੰਟਗੁਮਰੀਏ ਤੇ ਸੰਗਰੂਰੀਏ ਇਕ ਦੂਜੇ ਨੂੰ ਵੰਗਾਰਨਗੇ ਵੀ ਤੇ ਪਿਆਰਨਗੇ ਵੀ। ਦਰਸ਼ਕ ਦੋਹਾਂ ਪੰਜਾਬਾਂ ਦੇ ਚੋਬਰਾਂ ਦੀ ਖੇਡ ਤੋਂ ਬਲਿਹਾਰੇ ਜਾਣਗੇ। ਅਜਿਹੇ ਖੇਡ ਮੇਲੇ ਓੜਕਾਂ ਦੇ ਭਰਨਗੇ ਤੇ ਉਨ੍ਹਾਂ ਮੇਲਿਆਂ ਦੀਆਂ ਗੱਲਾਂ ਸਾਰਾ- ਸਾਰਾ ਸਾਲ ਹੁੰਦੀਆਂ ਰਹਿਣਗੀਆਂ। ਕੀ ਇਹ ਸੁਪਨਾ ਕਦੇ ਸੱਚ ਹੋਵੇਗਾ?

2001 ਵਿਚ ਹੋਈ ਲਾਹੌਰ ਦੀ ਆਲਮੀ ਪੰਜਾਬੀ ਕਾਨਫਰੰਸ ਵੀ ਯਾਦ ਆ ਗਈ ਹੈ। ਉਥੇ ਪੰਜਾਬ ਦੀਆਂ ਖੇਡਾਂ ਤੇ ਖਿਡਾਰੀਆਂ ਬਾਰੇ ਪਰਚਾ ਪੇਸ਼ ਕਰਦਿਆਂ ਮੈਂ ਸੁਝਾਅ ਦਿੱਤਾ ਸੀ ਕਿ ਕੁਲ ਦੁਨੀਆਂ ਵਿਚ ਖਿਲਰੇ ਪੰਜਾਬੀਆਂ ਦੀ ‘ਪੰਜਾਬੀ ਓਲੰਪਿਕਸ’ ਹੋਣੀ ਚਾਹੀਦੀ ਹੈ। ਉਸ ਦੀ ਸ਼ੁਰੂਆਤ ਲਾਹੌਰ ਤੋਂ ਹੋਵੇ। ਫਿਰ ਭਾਰਤ, ਕੈਨੇਡਾ, ਇੰਗਲੈਂਡ, ਅਮਰੀਕਾ, ਆਸਟ੍ਰੇਲੀਆ, ਨਿਊਜ਼ੀਲੈਂਡ, ਮਲਾਇਆ- ਸਿੰਗਾਪੁਰ ਤੇ ਅਰਬ-ਅਫਰੀਕਾ ਆਦਿ ਦੇ ਪੰਜਾਬੀ ਵਾਰੋ ਵਾਰੀ ਪੰਜਾਬੀ ਓਲੰਪਿਕਸ ਕਰਵਾਉਣ। ਇਸ ਸੁਝਾਅ ਦਾ ਲਾਹੌਰ ਦੇ ਅਖ਼ਬਾਰਾਂ ਵਿਚ ਸਵਾਗਤ ਹੋਇਆ ਪਰ ਮਜ਼੍ਹਬੀ ਜਨੂੰਨੀਆਂ ਨੂੰ ਨਾ ਭਾਇਆ। ਹੋਟਲ ਸ਼ਾਹਤਾਜ ਵਿਚ ਮੀਟਿੰਗ ਹੋਈ ਜਿਸ ਵਿਚ ਵਿਸ਼ਵ ਪੰਜਾਬੀਅਤ ਫਾਉਂਡੇਸ਼ਨ ਦੇ ਅਹੁਦੇਦਾਰ ਅਤੇ ਪਾਕਿਸਤਾਨ ਓਲੰਪਿਕ ਐਸੋਸੀਏਸ਼ਨ ਦੇ ਮੈਂਬਰ ਤੇ ਆਲਮੀ ਕਬੱਡੀ ਫੈਡਰੇਸ਼ਨ ਦੇ ਸਦਰ ਖ਼ੁਆਜ਼ਾ ਅਲੀ ਮੁਹੰਮਦ ਹੋਰਾਂ ਨੇ ਭਾਗ ਲਿਆ। ਸਭਨਾਂ ਨੇ ਪੰਜਾਬੀ ਓਲੰਪਿਕਸ ਦੀ ਤਜਵੀਜ਼ ਨੂੰ ਸਲਾਹਿਆ ਪਰ ਸੁਆਲ ਸੀ ਕਿ ਪਹਿਲ ਕੌਣ ਲਵੇ? ਪਹਿਲ ਕਰਨ ਲਈ ਸਰਕਾਰਾਂ ਦੀ ਸਹਿਮਤੀ ਜ਼ਰੂਰੀ ਸੀ। ਪਾਕਿਸਤਾਨ ਤੇ ਭਾਰਤ ਦੀਆਂ ਸਰਕਾਰਾਂ ਦੀ ਸਹਿਮਤੀ ਤਾਂ ਬਹੁਤ ਹੀ ਜ਼ਰੂਰੀ ਸੀ।

ਪੰਜਾਬੀ ਓਲੰਪਿਕਸ ਤੋਂ ਪਹਿਲਾਂ ‘ਇੰਡੋ-ਪਾਕਿ ਪੰਜਾਬ ਖੇਡਾਂ’ ਹੋਣੀਆਂ ਹੋਰ ਵੀ ਜ਼ਰੂਰੀ ਸਨ। ਆਖ਼ਰ 2004 ਵਿਚ ‘ਇੰਡੋ-ਪਾਕਿ ਪੰਜਾਬ ਖੇਡਾਂ’ ਪਟਿਆਲੇ ਵਿਚ ਹੋਣੀਆਂ ਤੈਅ ਹੋ ਗਈਆਂ। ਉਦੋਂ ਭਾਰਤੀ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਸਨ ਅਤੇ ਪਾਕਿਸਤਾਨੀ ਪੰਜਾਬ ਦੇ ਵਜ਼ੀਰੇ ਆਲਾ ਚੌਧਰੀ ਪ੍ਰਵੇਜ਼ ਇਲਾਹੀ। ਉਸ ਸਾਲ ਮੈਂ ਕੈਨੇਡਾ ਤੋ ਪੰਜਾਬ ਪਰਤਿਆ ਤਾਂ ਸੰਭੂ ਬਾਰਡਰ ਤੋਂ ਸੜਕਾਂ ਦੇ ਪੁਲਾਂ, ਚੌਂਕਾਂ ਤੇ ਮੋੜਾਂ ਉਤੇ ਕੈਪਟਨ ਅਮਰਿੰਦਰ ਵੱਲੋਂ ਚੌਧਰੀ ਪ੍ਰਵੇਜ਼ ਇਲਾਹੀ ਨੂੰ ਖੁਸ਼ ਆਮਦੀਦ ਕਹਿੰਦੇ ਬੈਨਰ ਦਿਖਾਈ ਦੇਣ ਲੱਗੇ। ਉਦੋਂ ਕੈਪਟਨ ਅਮਰਿੰਦਰ ਸਿੰਘ ਤੇ ਪ੍ਰਵੇਜ਼ ਇਲਾਹੀ ਦੇ ਮੇਲ ਮਿਲਾਪ ਉਤੇ, ਕਿਸੇ ਨੂੰ ਕੋਈ ਇਤਰਾਜ਼ ਨਹੀਂ ਸੀ ਹੋਇਆ। 2019 ਵਿਚ ਪਈ ਨਵਜੋਤ ਸਿੱਧੂ ਤੇ ਜਨਰਲ ਬਾਜਵੇ ਦੀ ‘ਜੱਫੀ’ ਵਾਂਗ ਕਿਸੇ ਦਾ ਢਿੱਡ ਨਹੀਂ ਸੀ ਦੁਖਿਆ।

ਕੈਪਟਨ ਅਮਰਿੰਦਰ ਸਿੰਘ ਲਹਿੰਦੇ ਪੰਜਾਬ ਦੇ ਵਜ਼ੀਰੇ ਆਲਾ ਨੂੰ ਬੜੇ ਆਦਰ ਮਾਣ ਨਾਲ ਜੀ ਆਇਆਂ ਕਹਿ ਰਹੇ ਸਨ। ਬੈਨਰ ਵੇਖਦਿਆਂ ਮਨ ਖ਼ੁਸ਼ ਹੋ ਰਿਹਾ ਸੀ। ਮੈਨੂੰ ਲੱਗਾ ਸੁਪਨਾ ਸੱਚ ਹੋ ਚੱਲਿਆ ਹੈ!

ਤਰਤੀਬਵਾਰ ਪਹਿਲੀਆਂ ਇੰਡੋ-ਪਾਕਿ ਪੰਜਾਬ ਖੇਡਾਂ-2004 ਪਟਿਆਲੇ, ਦੂਜੀਆਂ ਪੰਜਾਬ ਖੇਡਾਂ- 2005 ਲਾਹੌਰ ਤੇ ਤੀਜੀਆਂ ਪੰਜਾਬ ਖੇਡਾਂ-2006 ਜਲੰਧਰ ਹੋਣੀਆਂ ਤੈਅ ਸਨ। 2004 ਦੇ ਸ਼ੁਰੂ ’ਚ ਕੈਪਟਨ ਅਮਰਿੰਦਰ ਸਿੰਘ ਲਾਹੌਰ ਗਏ ਸਨ। ਉਥੇ ਪਾਕਿਸਤਾਨੀ ਭਰਾਵਾਂ ਦੀ ਪ੍ਰਾਹੁਣਚਾਰੀ ਮਾਣਦਿਆਂ ਚੌਧਰੀ ਪ੍ਰਵੇਜ਼ ਇਲਾਹੀ ਨੂੰ ਸੱਦਾ ਦੇ ਆਏ ਸਨ ਕਿ ਆਪਣੇ ਖਿਡਾਰੀ ਲੈ ਕੇ ਸਾਡੇ ਵੱਲ ਆਇਓ। ਫਿਰ ਅਸੀਂ ਵੀ ਆਪਣੇ ਖਿਡਾਰੀ ਲੈ ਕੇ ਤੁਹਾਡੇ ਵੱਲ ਆਵਾਂਗੇ। ਮੀਡੀਏ ਨੇ ਪ੍ਰਚਾਰ ਕਰ ਰੱਖਿਆ ਸੀ ਕਿ 5 ਦਸੰਬਰ ਤੋਂ 11 ਦਸੰਬਰ ਤਕ ਪਟਿਆਲੇ ਬਾਰਾਂ ਸਪੋਰਟਸ ਦੇ ਖੇਡ ਮੁਕਾਬਲੇ ਹੋਣਗੇ ਜਿਨ੍ਹਾਂ ਵਿਚ ਦੋਹਾਂ ਪਾਸਿਆਂ ਤੋਂ ਲਗਭਗ ਸੱਤ ਸੌ ਖਿਡਾਰੀ ਭਾਗ ਲੈਣਗੇ। 2005 ਵਿਚ ਡਾ. ਸੁਖਦਰਸ਼ਨ ਸਿੰਘ ਚਹਿਲ ਨੇ ਪਟਿਆਲੇ ’ਚ ਹੋਈਆਂ ਇਨ੍ਹਾਂ ਖੇਡਾਂ ਬਾਰੇ ‘ਜਦੋਂ ਖੇਡੇ ਪੰਜੇ ਆਬ’ ਪੁਸਤਕ ਲਿਖੀ। ਪਿੱਛਲਝਾਤ ਮਾਰੀਏ ਤਾਂ ਪਤਾ ਲੱਗਦੈ ਕਿ ਦੇਸ਼-ਵੰਡ ਤੋਂ ਪੰਜ ਸਾਲਾਂ ਬਾਅਦ ਹੀ ਦੋਹਾਂ ਪੰਜਾਬਾਂ ਵਿਚਕਾਰ ਖੇਡਾਂ ਹੋਣੀਆਂ ਸ਼ੁਰੂ ਹੋ ਗਈਆਂ ਸਨ। ਪਹਿਲਾ ਇੰਡੋ-ਪਾਕਿ ਕ੍ਰਿਕਟ ਮੈਚ 1952 ਵਿਚ 16-19 ਅਕਤੂਬਰ ਨੂੰ ਖੇਡਿਆ ਗਿਆ ਸੀ। ਪਹਿਲਾਂ ਪਾਕਿਸਤਾਨ ਦੀ ਟੀਮ ਭਾਰਤ ਵਿਚ ਆਈ ਸੀ। ਬਲਬੀਰ ਸਿੰਘ ‘ਕੰਵਲ’ ਦੀ ਪੁਸਤਕ ‘ਆਲਮੀ ਕਬੱਡੀ ਦਾ ਇਤਿਹਾਸ’ ਵਿਚ ਕਬੱਡੀ ਮੈਚਾਂ ਦੇ ਕਾਫੀ ਵੇਰਵੇ ਮਿਲਦੇ ਹਨ। ਇੰਡੋ-ਪਾਕਿ ਮੈਚ ਵੇਖਣ ਲਈ ਖਿਡਾਰੀਆਂ ਨਾਲ ਵੱਡੀ ਗਿਣਤੀ ’ਚ ਭਾਰਤੀ ਦਰਸ਼ਕ ਵੀ ਪਾਕਿ-ਸਤਾਨ ਗਏ ਸਨ। ਬੱਸਾਂ-ਗੱਡੀਆਂ ਤੇ ਤਾਂਗੇ-ਰਿਕਸ਼ੇ ਵਾਲਿਆਂ ਨੇ ਭਾਰਤੀ ਦਰਸ਼ਕਾਂ ਤੋਂ ਕਿਰਾਇਆ ਨਹੀਂ ਸੀ ਲਿਆ। ਹਲਵਾਈਆਂ ਨੇ ਮਠਿਆਈਆਂ ਤੇ ਦੁੱਧ-ਲੱਸੀ ਦੇ ਪੈਸੇ ਨਹੀਂ ਸੀ ਲਏ। ਕਹਿੰਦੇ ਰਹੇ,“ਕਿਉਂ ਸ਼ਰਮਿੰਦੇ ਪਏ ਕਰਦੇ ਓ! ਕੋਈ ਮਹਿਮਾਨਾਂ ਤੋਂ ਵੀ ਪੈਸੇ ਵਸੂਲਦਾ ਏ?”

ਬੁਰਕਿਆਂ ’ਚ ਰਹਿਣ ਵਾਲੀਆਂ ਬੇਗਮਾਂ ਨੇ ਪੱਗਾਂ ਵਾਲੇ ਸਰਦਾਰ ਭਰਾਵਾਂ ਨੂੰ ਰੱਜ ਕੇ ਤੱਕਿਆ ਸੀ।

ਆਮ ਲੋਕ ਇਕ ਦੂਜੇ ਨੂੰ ਧਾਅ ਕੇ ਮਿਲੇ ਸਨ। ਦਾਅਵਤਾਂ ਦੇ ਦੌਰ ਚੱਲੇ ਸਨ। ਜਦੋਂ ਲੋਕਾਂ ਨੂੰ ਮਜਬੂਰੀ ਵੱਸ ਨਿਖੇੜ ਦਿੱਤਾ ਗਿਆ ਹੋਵੇ ਤੇ ਉਨ੍ਹਾਂ ਨੂੰ ਮਸੀਂ ਮਿਲਣ ਦਾ ਮੌਕਾ ਮਿਲੇ ਤਾਂ ਉਹ ਇੰਜ ਹੀ ਮਿਲਦੇ ਨੇ। ਇਹਦੇ ਬਾਰੇ ਬੜਾ ਕੁਝ ਲਿਖਿਆ ਗਿਆ ਹੈ ਤੇ ਲਿਖਿਆ ਜਾਂਦਾ ਰਹੇਗਾ। ਉਹਨਾਂ ਦਿਨਾਂ ਵਿਚ ਹੀ ਲਹਿੰਦੇ ਪੰਜਾਬ ਦੇ ਜੰਮਪਲ ਤੇ ਚੜ੍ਹਦੇ ਪੰਜਾਬ ਦੇ ਵਾਸੀ ਮਿਲਖਾ ਸਿੰਘ ਨੂੰ ਲਾਹੌਰ ਦੇ ਸਟੇਡੀਅਮ ਵਿਚ ਦੌੜਦਿਆਂ ਵੇਖ ਕੇ ਪਾਕਿਸਤਾਨ ਦੇ ਸਦਰ ਜਨਰਲ ਅਯੂਬ ਖਾਂ ਨੇ ‘ਫਲਾਈਂਗ ਸਿੱਖ’ ਦਾ ਖ਼ਿਤਾਬ ਦਿੱਤਾ ਸੀ।

ਬਦਕਿਸਮਤੀ ਭਾਰਤ ਤੇ ਪਾਕਿਸਤਾਨ ਦੀ, ਖ਼ਾਸ ਕਰ ਕੇ ਦੋਹਾਂ ਪੰਜਾਬਾਂ ਦੀ ਕਿ ਇੰਡੋ-ਪਾਕਿ ਖੇਡ ਮੇਲੇ ਲਗਾਤਾਰ ਨਾ ਲੱਗ ਸਕੇ। ਕਸ਼ਮੀਰ ਦੇ ਰੇੜਕੇ ਨੇ ਗੁਆਂਢੀ ਮੁਲਕਾਂ ਦੇ ਗੁਆਂਢਪੁਣੇ ਨੂੰ ਦੁਸ਼ਮਣੀ ਵਿਚ ਬਦਲੀ ਰੱਖਿਆ। ਕੁਦਰਤ ਵੱਲੋਂ ਬਖਸ਼ੀ ਖੁਸ਼ਹਾਲੀ ਵਿਚ ਹਾਕਮਾਂ ਨੇ ਕੰਗਾਲੀ ਦਾ ਕਾਲ ਪਾ ਛੱਡਿਆ। ਪਹਿਲਾਂ ਪੰਜਾਬ ਤੇ ਬੰਗਾਲ ਨੂੰ ਨਰਕ ਬਣਾਇਆ ਤੇ ਫਿਰ ਕਸ਼ਮੀਰ ਨੂੰ ਜਹੰਨਮ ਬਣਾ ਦਿੱਤਾ। ਦੋਹਾਂ ਪੰਜਾਬਾਂ ਦੀ ਤਰੱਕੀ ਦੇ ਰਾਹ ’ਚ ਵੱਡੀ ਰੁਕਾਵਟ ਇਹੋ ਹੈ ਕਿ ਇਹ ਦੋਹੇਂ ਭਾਰਤ-ਪਾਕਿ ਬਾਰਡਰ ਉਤੇ ਹਨ ਜਿਥੇ ਲੜਾਈ ਛਿੜਣ ਦਾ ਖ਼ਤਰਾ ਬਣਿਆ ਰਹਿੰਦਾ ਹੈ। ਲੜਾਈ ਦੀ ਬਹੁਤੀ ਮਾਰ ਬਾਰਡਰ ਵਾਲਿਆਂ ਨੂੰ ਹੀ ਪੈਂਦੀ ਹੈ। ਕਸ਼ਮੀਰ ਦੇ ਨਾਂ ਉਤੇ ਜਿਹੜੀ ਵੀ ਲੜਾਈ ਲੱਗਦੀ ਹੈ ਉਹਦਾ ਬਹੁਤਾ ਸੇਕ ਦੋਹਾਂ ਪਾਸਿਆਂ ਦੇ ਪੰਜਾਬੀਆਂ ਨੂੰ ਲੱਗਦਾ ਹੈ। ਪੰਜਾਬ ਵਿਚ ਵੱਡੀ ਇੰਡਸਟਰੀ ਇਸੇ ਬਹਾਨੇ ਨਹੀਂ ਲਾਈ ਜਾਂਦੀ ਕਿ ਪੰਜਾਬ ਤੋਪਾਂ ਤੇ ਡਰੋਨਾਂ ਦੀ ਮਾਰ ਹੇਠ ਹੈ। ਹੋਰ ਤਾਂ ਹੋਰ ਪੰਜਾਬ ਦੇ ਹਵਾਈ ਮੁਸਾਫ਼ਰਾਂ ਲਈ ਅੰਮ੍ਰਿਤਸਰ ਦਾ ਹਵਾਈ ਅੱਡਾ ਵੀ ਓਡਾ ਵੱਡਾ ਕੌਮਾਂਤਰੀ ਅੱਡਾ ਨਹੀਂ ਬਣਾਇਆ ਗਿਆ ਜਿੱਡੇ ਦੀ ਲੋੜ ਸੀ। ਇਸੇ ਕਰਕੇ ਲੱਖਾਂ ਪੰਜਾਬੀ ਮੁਸਾਫ਼ਿਰ ਦਿੱਲੀ ਦੇ ਧੱਕੇ ਖਾਣ ਲਈ ਮਜਬੂਰ ਹਨ।

ਜੇਕਰ ਅਮਨ ਅਮਾਨ ਰਹੇ ਤਾਂ ਬੰਦਰਗਾਹਾਂ ਵਾਂਗ ਸਰਹੱਦਾਂ ਦੇ ਸ਼ਹਿਰ ਸਗੋਂ ਵਧੇਰੇ ਵਿਕਾਸ ਕਰਨ।

ਅਮਨ ਅਮਾਨ ਰਵ੍ਹੇ ਤਾਂ ਅੰਮ੍ਰਿਤਸਰ ਤੇ ਲਾਹੌਰ ਇਕ ਦੂਜੇ ਨਾਲ ਹੱਥ ਮਿਲਾ ਸਕਦੇ ਹਨ। ਫਿਰੋਜ਼ਪੁਰ ਤੇ ਕਸੂਰ ਅਤੇ ਫਾਜ਼ਿਲਕਾ ਤੇ ਪਾਕਪਟਨ ਹੋਰ ਨੇੜੇ ਹੋ ਸਕਦੇ ਹਨ। ਪੰਜਾਬ ਦੀ ਵੰਡ ਨਾ ਹੁੰਦੀ ਤਾਂ ਏਸ਼ੀਆ ਦੀ ਸਭ ਤੋਂ ਵੱਡੀ ਉੱਨ ਮੰਡੀ ਫਾਜ਼ਿਲਕਾ ਤੋਂ ਹੈੱਡ ਸੁਲੇਮਾਨਕੀ ਤਕ ਜਾ ਲੱਗਣੀ ਸੀ ਤੇ ਕਰਤਾਰਪੁਰ ਸਾਹਿਬ ਡੇਰਾ ਬਾਬਾ ਨਾਨਕ ਨਾਲ ਆ ਲੱਗਣਾ ਸੀ। ਹੁਣ ਵੀ ਬੀਤ ਗਏ ’ਤੇ ਝੂਰਨ ਦੀ ਥਾਂ ਉਹਤੋਂ ਸਬਕ ਸਿੱਖਣ ਦੀ ਲੋੜ ਹੈ।

ਪਿਛਲੇ ਵਰ੍ਹਿਆਂ ਵਿਚ ਕੌਮਾਂਤਰੀ ਪੱਧਰ ’ਤੇ ਕਈ ਐਸੀਆਂ ਘਟਨਾਵਾਂ ਘਟੀਆਂ ਜਿਨ੍ਹਾਂ ਨਾਲ ਵਿਛੜਿਆਂ ਦੇ ਮੁੜ ਮੇਲੇ ਹੋਏ ਹਨ। ਜਰਮਨਾਂ ਨੇ ਜਰਮਨ ਭਾਈਚਾਰੇ ਨੂੰ ਵੰਡਦੀ ਬਰਲਿਨ ਦੀ ਦੀਵਾਰ ਢਾਹ ਘੱਤੀ ਹੈ। ਵੀਅਤਨਾਮੀਏ ਵਿਛੜ ਕੇ ਇਕ ਹੋਏ ਸਨ। ਦੱਖਣੀ ਤੇ ਉੱਤਰੀ ਕੋਰੀਆ ਦੇ

ਲੋਕ ਬਾਹਾਂ ਅੱਡ ਕੇ ਇਕ ਦੂਜੇ ਵੱਲ ਵਧੇ ਹਨ। ਪੰਜਾਬੀਆਂ ਦੇ ਕਾਫ਼ਲੇ ਵੀ ਧਾਅ ਕੇ ਇਕ ਦੂਜੇ ਨੂੰ ਮਿਲਣ ਲਈ ਉਮਡ ਪੈਣ ਤਾਂ ਕੋਈ ਵਜ੍ਹਾ ਨਹੀਂ ਕਿ ਚਲਾਕ ਸਿਆਸਤਦਾਨ ਹਮੇਸ਼ਾਂ ਲਈ ਉਨ੍ਹਾਂ ਦੇ ਰਾਹ ਰੋਕੀ ਰੱਖਣ। ਮਿਲ ਬਹਿਣ ਨਾਲ ਹੀ ਮਸਲੇ ਸੁਲਝਦੇ ਹਨ। ਲੜਾਈਆਂ ਕਿਸੇ ਮਸਲੇ ਦਾ ਹੱਲ ਨਹੀਂ ਹੁੰਦੀਆਂ। ਖੇਡਾਂ ਨੂੰ ਐਵੇਂ ਨਹੀਂ ਲੜਾਈਆਂ ਦਾ ਬਦਲ ਕਿਹਾ ਜਾਂਦਾ। ਓਲੰਪਿਕ ਖੇਡਾਂ ਦੇ ਬਾਨੀ ਬੈਰਨ ਦਿ ਕੂਬਰਤਿਨ ਨੇ ਕਿਹਾ ਸੀ ਕਿ ਖਿਡਾਰੀਆਂ ਨੂੰ ਇਕ ਦੂਜੇ ਦੇ ਦੇਸ਼ ਭੇਜਣਾ ਸਭ ਤੋਂ ਸੱਚਾ ਤੇ ਸੁੱਚਾ ਵਪਾਰ ਹੈ। ਭਾਰਤ ਤੇ ਪਾਕਿਸਤਾਨ ਦੇ ਹੁੱਜਤੀ ਹਾਕਮਾਂ ਨੇ ਦੋਹਾਂ ਮੁਲਕਾਂ ਨੂੰ ਲੜਾ ਕੇ ਬਥੇਰਾ ਨੁਕਸਾਨ ਕਰਵਾ ਲਿਆ। ਹੁਣ ਅਮਨ ਅਮਾਨ ਨਾਲ ਵਸ ਕੇ ਵੇਖਣ ਕਿ ਹਿੰਦ-ਮਹਾਂਦੀਪ ਮੁੜ ਸੋਨੇ ਦੀ ਚਿੜੀ ਕਿਵੇਂ ਬਣਦਾ ਹੈ?

ਜਿਵੇਂ ਯੂਰਪ ਦੇ ਲੋਕ ਇਕ ਦੂਜੇ ਦੇ ਮੁਲਕ ਆਸਾਨੀ ਨਾਲ ਆ ਜਾ ਸਕਦੇ ਹਨ ਕੀ ਹਿੰਦ-ਪਾਕਿ ਦੇ ਲੋਕ ਵੀ ਇਕ ਦੂਜੇ ਨੂੰ ਖੁੱਲ੍ਹੇ ਮਿਲ ਗਿਲ ਸਕਣਗੇ? ਇਕ ਦੂਜੇ ਦਾ ਦੁੱਖ ਵੰਡਾਅ ਸਕਣਗੇ ਤੇ ਸੁੱਖ ਸਾਂਝਾ ਕਰ ਸਕਣਗੇ? ਕੰਡੇਦਾਰ ਤਾਰਾਂ ਉਨ੍ਹਾਂ ਦੇ ਰਾਹ ਨਹੀਂ ਰੋਕ ਸਣਗੀਆਂ? ਸੰਭਵ ਹੈ ਸ਼ਾਇਰ ਮੁਹੰਮਦ ਇਕਬਾਲ ਦਾ ਤਰਾਨਾ ‘ਸਾਰੇ ਜਹਾਂ ਸੇ ਅੱਛਾ ਹਿੰਦੋਸਤਾਂ ਹਮਾਰਾ’ ਮੁੜ ਗੂੰਜਣ ਲੱਗ ਪਵੇ। ਫ਼ਿਰੋਜ਼ਦੀਨ ਸ਼ਰਫ਼ ਦਾ ਗੀਤ ਸੱਚਾ ਸਾਬਤ ਹੋਵੇ: ਸੋਹਣਾ ਦੇਸ਼ਾਂ ਵਿਚੋਂ ਦੇਸ਼ ਪੰਜਾਬ ਨੀ ਸਹੀਓ...।

ਪੇਸ਼ ਹਨ ਡਾ. ਚਹਿਲ ਦੀ ਪੁਸਤਕ ‘ਜਦੋਂ ਖੇਡੇ ਪੰਜੇ ਆਬ’ ਵਿਚੋਂ ਉਦਘਾਟਨੀ ਤੇ ਸਮਾਪਤੀ ਸਮਾਰੋਹਾਂ ਦੇ ਕੁਝ ਨਜ਼ਾਰੇ:

ਲਾਹੌਰੋਂ ਆਈ ਅਮਨਜੋਤ ਭਾਰਤ-ਪਾਕਿ ਪੰਜਾਬ ਖੇਡਾਂ ਦੇ ਬੀਜੇ ਗਏ ਬੂਟੇ ’ਤੇ ਪਹਿਲੀ ਕਰੂੰਬਲ ਉਸ ਵੇਲੇ ਫੁੱਟੀ ਜਦੋਂ ਇਨ੍ਹਾਂ ਖੇਡਾਂ ਦੀ ਸ਼ੁਰੂਆਤ ਲਈ ਅਮਨ ਦੀ ਮਸ਼ਾਲ ਜਗਾਈ ਗਈ। ਲਹਿੰਦੇ ਪੰਜਾਬ ਦੇ ਖੇਡ ਮੰਤਰੀ ਨਈਮ- ਉੱਲਾ ਸ਼ਾਹੀ, ਰੁਸਤਮੇ-ਪਾਕਿ ਪਹਿਲਵਾਨ ਬਸ਼ੀਰ ਭੋਲਾ ਤੇ ਪਾਕਿਸਤਾਨੀ ਪੰਜਾਬ ਓਲੰਪਿਕ ਐਸੋਸੀਏਸ਼ਨ ਦੇ ਜਨਰਲ ਸਕੱਤਰ ਇੰਦਰੀਸ ਹੈਦਰ ਖਵਾਜਾ ਇਸ ਜੋਤ ਨੂੰ ਵਾਹਗਾ ਬਾਰਡਰ ਤਕ

ਲਿਆਏ। ਉੱਡਣੇ ਸਿੱਖ ਮਿਲਖਾ ਸਿੰਘ ਨੇ ਮਸ਼ਾਲ ਬੜੇ ਚਾਅ ਉਤਸ਼ਾਹ ਨਾਲ ਆਪਣੇ ਪੰਜਾਬੀ ਭਰਾਵਾਂ ਤੋਂ ਫੜੀ ਤੇ ਮਸ਼ਾਲ ਉੱਚੀ ਕਰ ਕੇ ਦੌੜਿਆ...।

4 ਦਸੰਬਰ ਦੀ ਰਾਤ ਕਿਲਾ ਮੁਬਾਰਕ ਪਟਿਆਲਾ ਵਿਚ ਜੋਤੀ ਜਗਦੀ ਰੱਖ ਕੇ 5 ਦਸੰਬਰ ਨੂੰ ਪਹਿਲੀਆਂ ਪੰਜਾਬ ਖੇਡਾਂ ਦੇ ਉਦਘਾਟਨੀ ਸਮਾਰੋਹ ਲਈ ਸਜੇ ਯਾਦਵਿੰਦਰਾ ਸਟੇਡੀਅਮ ਵੱਲ ਰਵਾਨਾ ਹੋਈ। ਇਕ ਕਰੋੜ ਦੀ ਲਾਗਤ ਵਾਲੀ ਦੂਧੀਆ ਰੋਸ਼ਨੀ ’ਚ ਲਿਸ਼ਕਦੇ ਸਟੇਡੀਅਮ ਨੂੰ ਸੰਗੀਤਕ ਧੁਨਾਂ ਚਾਰ ਚੰਨ ਲਾ ਰਹੀਆਂ ਸਨ। ਜਿੰਨਾ ਚਿਰ ਕੈਪਟਨ ਅਮਰਿੰਦਰ ਸਿੰਘ ਤੇ ਚੌਧਰੀ ਪ੍ਰਵੇਜ਼ ਇਲਾਹੀ ਖੁੱਲ੍ਹੀ ਜੀਪ ’ਚ ਸਟੇਡੀਅਮ ਦਾ ਚੱਕਰ ਕੱਢਦੇ ਰਹੇ ਦਰਸ਼ਕ ਖੜ੍ਹੇ ਹੋ ਕੇ ਤਾੜੀਆਂ ਮਾਰਦੇ ਰਹੇ ਅਤੇ ਕੁਮੈਂਟਰੀ ਦੇ ਬਾਦਸ਼ਾਹ ਜਸਦੇਵ ਸਿੰਘ ਦੇ ਬੋਲ ਸਭਨਾਂ ਨੂੰ ਸਰਸ਼ਾਰ ਕਰਦੇ ਰਹੇ।

ਕੈਪਟਨ ਅਮਰਿੰਦਰ ਸਿੰਘ ਤੋਂ ਖ਼ੁਸ਼ੀ ਸੰਭਾਲੀ ਨਹੀਂ ਸੀ ਜਾ ਰਹੀ। ਦੋਹਾਂ ਪੰਜਾਬਾਂ ਦੇ ਮੇਲ ਗੇਲ ਵਿਚ ਗਦਗਦ ਹੁੰਦਿਆਂ ਉਹਦੇ ਬੋਲ ਗੂੰਜੇ, “ਇਕ ਦਿਨ ਇਹ ਬਾਰਡਰ-ਸ਼ਾਡਰ ਖ਼ਤਮ ਹੋ ਜਾਣਗੇ ਤੇ ਸਭ ਗੇਟ-ਸ਼ੇਟ ਖੁੱਲ੍ਹ ਜਾਣਗੇ। ਜੇਕਰ ਸਾਡੇ ਸੰਬੰਧ ਇਸ ਤਰ੍ਹਾਂ ਹੀ ਮਿੱਠੇ ਹੁੰਦੇ ਗਏ ਤਾਂ ਦੁਨੀਆ ਦੀ ਕੋਈ ਵੀ ਤਾਕਤ ਸਤਵੰਜਾ ਸਾਲ ਪਹਿਲਾਂ ਵਿਛੜੇ ਭਰਾਵਾਂ ਦੇ ਮਿਲਾਪ ਵਿਚ ਅੜਿੱਕਾ ਨਹੀਂ ਬਣ ਸਕੇਗੀ।”

ਉਹਦੇ ਬੋਲਾਂ ਨਾਲ ਸਾਰਾ ਸਟੇਡੀਅਮ ਤਾੜੀਆਂ ਨਾਲ ਗੂੰਜ ਉਠਿਆ। ਉਨ੍ਹਾਂ ਐਲਾਨ ਕੀਤਾ ਕਿ ਇਹ ਖੇਡਾਂ ਭਾਰਤ-ਪਾਕਿ ਵਿਚਕਾਰ ਅਮਨ ਤੇ ਦੋਸਤੀ ਦਾ ਮੀਲ ਪੱਥਰ ਸਾਬਤ ਹੋਣਗੀਆਂ। ਲਹਿੰਦੇ ਪੰਜਾਬ ਦੇ ਮੁੱਖ ਮੰਤਰੀ ਚੌਧਰੀ ਪ੍ਰਵੇਜ਼ ਇਲਾਹੀ ਨੇ ਬੜੇ ਵਿਸਵਾਸ਼ ਨਾਲ ਕਿਹਾ, “ਅਸੀਂ ਸਦੀਵੀ ਅਮਨ ਤੇ ਮਿਲਾਪ ਦੀ ਮੰਜ਼ਲ ਲਈ ਰਸਤਾ ਲੱਭ ਲਿਆ ਹੈ। ਲੋੜ ਇਸ ’ਤੇ ਇੱਕਜੁੱਟ ਹੋ ਕੇ ਤੁਰਨ ਦੀ ਹੈ।” ਉਨ੍ਹਾਂ ਚੜ੍ਹਦੇ ਪੰਜਾਬ ਦੇ ਵਾਸੀਆਂ ਨੂੰ ਅਗਲੇ ਸਾਲ ਲਾਹੌਰ ਦੀਆਂ ਪੰਜਾਬ ਖੇਡਾਂ ’ਚ ਸ਼ਾਮਲ ਹੋਣ ਦਾ ਨਿੱਘਾ ਸੱਦਾ ਦਿੱਤਾ।

ਬਰਕਤ ਸਿੱਧੂ ਤੇ ਮਨਪ੍ਰੀਤ ਅਖ਼ਤਰ ਨੇ ਜਿਉਂ ਹੀ ਬਾਬਾ ਫਰੀਦ ਜੀ ਦਾ ਸਲੋਕ ‘ਕਾਲੇ ਮੈਂਡੇ ਕਪੜੇ ਕਾਲਾ ਮੈਂਡਾ ਵੇਸ’ ਉਚਾਰਿਆ ਤਾਂ ਸੌ ਕੁ ਕਲਾਕਾਰਾਂ ਨੇ ਪ੍ਰਵੇਸ਼ ਕੀਤਾ। ਮੰਚ ਤੋਂ ਰੁਦਨਮਈ ਆਵਾਜ਼ ਕੁਰਲਾ ਰਹੀ ਸੀ ਜਿਸ ਨਾਲ ਕਾਲੀਆਂ ਪੁਸ਼ਾਕਾਂ ਪਹਿਨੀ ਕਲਾਕਾਰ 1947 ਦੇ ਕਰੁਣਾਮਈ ਦ੍ਰਿਸ਼ ਪੇਸ਼ ਕਰ ਰਹੇ ਸਨ। ਫਿਰ ਹੰਸ ਰਾਜ ਹੰਸ ਨੇ ਪ੍ਰੋ. ਮੋਹਨ ਸਿੰਘ ਦਾ ਗੀਤ ਕੁੜੀਆਂ ਚਿੜੀਆਂ ਨਾਲ ਝੂੰਮ ਝੂੰਮ ਕੇ ਗਾਇਆ-ਨੀ ਅੱਜ ਕੋਈ ਆਇਆ ਸਾਡੇ ਵਿਹੜੇ, ਤੱਕਣ ਚੰਨ ਸੂਰਜ ਢੁੱਕ ਢੁੱਕ ਨੇੜੇ, ਚੁੰਮੋ ਨੀ ਇਹਦੇ ਹੱਥ ਚੰਬੇ ਦੀਆਂ ਕਲੀਆਂ, ਧੋਵੋ ਨੀ ਇਹਦੇ ਪੈਰ ਮੱਖਣ ਦੇ ਪੇੜੇ, ਆਇਆ ਨੀ ਲੱਖ ਨਾਲ ਬਹਾਰਾਂ ਲੈ ਕੇ, ਭਰੇ ਸੂ ਸਾਡੇ ਅੰਗ ਅੰਗ ਵਿਚ ਖੇੜੇ...। ਪੰਜਾਬ ਦੀ ਕੋਇਲ ਸੁਰਿੰਦਰ ਕੌਰ ਦੀ ਧੀ ਡੌਲੀ ਗੁਲੇਰੀਆ ਨੇ ਗਾਇਆ-ਮਾਵਾਂ ਤੇ ਧੀਆਂ ਰਲ ਬੈਠੀਆਂ ਨੀ ਮਾਏ, ਮਸਤ ਅਲੀ ਨੇ-ਬੱਲੇ ਨੀ ਪੰਜਾਬ ਦੀਏ ਸ਼ੇਰ ਬੱਚੀਏ, ਹਰਿਭਜਨ ਮਾਨ ਨੇ-ਲੰਮੀ ਧੌਣ ਕਸੀਦਾ ਕੱਢਦੀ ਤੇ ਸਰਦੂਲ ਸਿਕੰਦਰ ਨੇ ਹੀਰ ਗਾ ਕੇ ਬਹਿਜਾ-ਬਹਿਜਾ ਕਰਾ ਦਿੱਤੀ। ਗੁਰਮੀਤ ਬਾਵਾ ਦੀ ਲੰਮੀ ਹੇਕ ਜਿਵੇਂ ਵਾਹਗਿਓਂ ਪਾਰ ਲਾਹੌਰ ਜਾ ਪੁੱਜੀ ਹੋਵੇ। ਮਲਕਾ-ਏ-ਤਰੰਨੁਮ ਰੇਸ਼ਮਾ ਦੀ ਰੇਸ਼ਮੀ ਆਵਾਜ਼ ਕੂਕੀ-ਲਾਲ ਮੇਰੀ ਪੱਤ ਰਖਿਓ ਬਲਾ...। ਸ਼ੇਖ ਮੀਆਂ ਦਾਦ ਦੀ ਕਵਾਲੀ-ਮੈਂ ਰਾਜ਼ ਦੀਆਂ ਗੱਲਾਂ, ਦੱਸ ਕੀਹਨੂੰ ਕੀਹਨੂੰ ਦੱਸਾਂ...। ਅਖ਼ੀਰ ਵਿਚ ਫਿਰ ਹਰਭਜਨ ਮਾਨ ਨੇ ਕਵੀਸ਼ਰ ਕਰਨੈਲ ਸਿੰਘ ਪਾਰਸ ਦਾ ਸਦਾਬਹਾਰ ਗੀਤ ਗਾਇਆ: ਆ ਸੋਹਣਿਆਂ ਵੇ ਜੱਗ ਜਿਓਂਦਿਆਂ ਦੇ ਮੇਲੇ...।

ਮੋਹ ਭਿੱਜੀ ਸਲਾਮ

ਸਮਾਪਤੀ ਸਮਾਰੋਹ ’ਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸਭਨਾਂ ਦਾ ਧੰਨਵਾਦ ਕਰਦਿਆਂ ਕਿਹਾ, “ਮੇਰੇ ਦਿਲ ਵਿਚ ਚਿਰੋਕਣੀ ਤਮੰਨਾ ਸੀ ਕਿ ਮੈਂ ਵੀ ਆਪਣੇ ਪੁਰਖਿਆਂ ਵਾਂਗ ਖੇਡਾਂ ਦੇ ਖੇਤਰ ਵਿਚ ਕੁਝ ਯੋਗਦਾਨ ਪਾਵਾਂ। ਮੈਂ ਖੇਡਾਂ ਦੀ ਬਿਹਤਰੀ ਦੇ ਨਾਲ ਸਾਂਝੇ ਪੰਜਾਬ ਦੀਆਂ ਯਾਦਾਂ ਮੁੜ ਸੁਰਜੀਤ ਕਰਨ ਦੇ ਸੁਪਨੇ ਲਾਹੌਰ ਜਾ ਕੇ ਚੌਧਰੀ ਪ੍ਰਵੇਜ਼ ਇਲਾਹੀ ਨਾਲ ਹੋਈ ਮੁਲਾਕਾਤ ਦੌਰਾਨ ਲਏ ਸਨ। ਉਹਨਾਂ ਸੁਪਨਿਆਂ ਨੂੰ ਸਾਕਾਰ ਕਰਨ ਦਾ ਸਬੱਬ ਸਾਰੇ ਪੰਜਾਬੀਆਂ ਦੇ ਸਹਿਯੋਗ ਨਾਲ ਪਟਿਆਲੇ ਦੀ ਧਰਤੀ ’ਤੇ ਬਣਿਆ। ਇਨ੍ਹਾਂ ਖੇਡਾਂ ਨਾਲ ਦੋਸਤੀ ਦੀ ਜੋ ਲਹਿਰ ਪੈਦਾ ਹੋਈ ਹੈ, ਇਹਦੇ ਭਵਿੱਖ ਵਿਚ ਵਧਣ ਫੁੱਲਣ ਲਈ ਸਾਨੂੰ ਸਭ ਨੂੰ ਅਰਦਾਸਾਂ ਕਰਦੇ ਰਹਿਣ ਚਾਹੀਦਾ ਹੈ।” ਸੁਆਲ ਹੈ ਕੀ ਕੈਪਟਨ ਅਮਰਿੰਦਰ ਸਿੰਘ ਅਜੇ ਵੀ ਅਜਿਹੀਆਂ ਅਰਦਾਸਾਂ ਕਰਦੇ ਹਨ?

ਮੇਲਾ ਵਿਛੜਣ ਤੋਂ ਪਹਿਲਾਂ ਪੰਜਾਬ ਦੇ ਲਾਡਲੇ ਸ਼ਾਇਰ ਸੁਰਜੀਤ ਪਾਤਰ ਨੇ ਮਹਿਮਾਨਾਂ ਨੂੰ ਸਲਾਮ ਕਹਿੰਦਿਆਂ ਗਾਇਆ ਸੀ:

ਰਾਵੀ ਜਿਹਲਮ ਚਨਾਬ ਨੂੰ ਸਲਾਮ
ਆਖਣਾ
ਅਸੀਂ ਮੰਗਦੇ ਹਾਂ ਖ਼ੈਰ ਸੁਬ੍ਹਾ ਸ਼ਾਮ
ਆਖਣਾ...

ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? ‘ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM

Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM
TV-nri 7:30am- 8:30am,TV-nri 8:30pm- 9:30pm

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com
satsahibusa@gmail.com

647-739-4641
346-714-0224

# ਆਮ ਲੋਕਾਂ ਵਿੱਚ ਵੱਧਦੀ ਗਰੀਬੀ ਲਿਆ ਸਕਦੀ ਦੇਸ਼ ਵਿੱਚ ਅਸਥਿਰਤਾ

ਨਾਬਰਾਬਰੀ ਪੂਰੀ ਦੁਨੀਆ ਲਈ ਇੱਕ ਸ਼ਰਾਪ ਇਸੇ ਲਈ ਹਰ ਦੇਸ਼ ਕੋਸ਼ਿਸ਼ ਕਰਦਾ ਹੈ ਕਿ ਉਸਦੇ ਸਾਰੇ ਨਾਗਰਿਕਾਂ ਨੂੰ ਵਧੀਆ ਜੀਵਨ ਸ਼ੈਲੀ ਮਿਲੇ ਇਥੋਂ ਤੱਕ ਕਿ ਵਿਕਸਤ ਦੇਸ਼ ਜੋ ਪੂੰਜੀਵਾਦੀ ਆਰਥਿਕ ਸਿਸਟਮ ਵਿੱਚ ਚਲਦੇ ਹਨ ਉਹ ਵੀ ਇਸ ਚੀਜ਼ ਦਾ ਧਿਆਨ ਰੱਖਦੇ ਹਨ ਤਾਂ ਹੀ ਉਹਨਾਂ ਵਿੱਚ ਜਦੋਂ ਖੁਸ਼ੀ ਦਾ ਮੁਲਾਂਕਣ ਕੀਤਾ ਜਾਂਦਾ ਹੈ ਤਾਂ ਉਹ ਉਪਰਲੇ ਮੁਲਕਾਂ ਵਿੱਚ ਆਪਣਾ ਨਾਮ ਦਰਜ ਕਰਾਉਂਦੇ ਹਨ। ਪਰ ਪਿਛਲੇ ਦਿਨੀਂ ਆਕਫੈਮ ਦੀ 2022 ਦੀ ਰਿਪੋਰਟ ਆਈ ਹੈ ਜਿਸ ਵਿੱਚ ਉਹਨਾਂ ਦੁਨੀਆ ਭਰ ਵਿੱਚ ਨਾਬਰਾਬਰੀ ਨੂੰ ਲੈ ਕੇ ਵੱਡੀ ਚਿੰਤਾ ਜਤਾਈ ਹੈ। ਜਿਸ ਵਿੱਚ ਉਹਨਾ ਨੇ ਦਰਸਾਇਆ ਹੈ ਕਿ ਤਿੰਨ ਦਹਾਕਿਆ ਦੇ ਖੁੱਲੇ ਵਪਾਰ ਅਤੇ ਆਰਥਿਕ ਵਿਸ਼ਵੀਕਰਨ ਦੇ ਬਾਵਜੂਦ ਵੀ ਦੁਨੀਆਂ ਭਰ ਵਿੱਚ ਨਾਬਰਾਬਰੀ ਵੱਧਦੀ ਜਾ ਰਹੀ ਹੈ। ਕਰੋਨਾ ਦੀ ਮਹਾਂਮਾਰੀ ਨੇ ਇਸ ਵਿੱਚ ਹੋਰ ਵਾਧਾ ਕੀਤਾ ਹੈ ਅਤੇ ਇਸੇ ਦਾ ਅਸਰ ਹੋਇਆ ਹੈ ਕਿ ਦੇਸ਼ ਵਿੱਚ ਚੰਦ ਲੋਕ ਅਮੀਰ ਹੋਏ ਪਰ ਬਹੁਤੇ ਗਰੀਬ। ਇਸ ਰਿਪੋਰਟ ਵਿਚੋਂ ਪਤਾ ਲਗਦਾ ਹੈ ਕਿ ਉਪਰਲੇ ਲੋਕਾਂ ਕੋਲ 38 ਪ੍ਰਤੀਸ਼ਤ ਸੰਪਤੀ ਹੈ ਜਦਕਿ ਹੇਠਲੇ 50% ਕੋਲ ਸਿਰਫ 2% ਸੰਪਤੀ ਹੈ। ਇਸੇ ਵਿੱਚ ਜਿਹੜੇ ਦੇਸ਼ ਜਵਾਂ ਹੇਠਾਂ ਆਉਂਦੇ ਹਨ ਯਾਨੀ ਜਿਨ੍ਹਾਂ ਵਿੱਚ ਸਭ ਤੋ ਜਿਆਦਾ ਨਾਬਰਾਬਰੀ ਹੈ ਉਹਨਾਂ ਲਈ ਨਾਮ ਦਿੱਤਾ ਗਿਆ ਹੈ ਓਂਅ (ਐਮ ਈ ਐਨ ਏ)ਯਾਨੀ ਸਟ_ਨਏਤੁਓਲ ਰਏਗੋਨਿ ਨਿ ਟਹਏ ੋਰਲਦ (ਦੁਨੀਆ ਦਾ ਸਭ ਤੋ ਅਸਮਾਨ ਰਾਸ਼ਟਰ) ਜਿਸ ਵਿੱਚ ਬਰਾਜੀਲ ਅਤੇ ਭਾਰਤ ਸ਼ਾਮਲ ਹਨ। ਜਦ ਕਿ ਸਾਡੇ ਗੁਆਂਢੀ ਮੁਲਕ ਸਾਡੇ ਤੋ ਥੋੜੇ ਬਿਹਤਰ ਹਨ। ਭਾਰਤ ਵਿੱਚ ਹਾਲਾਤ ਬਹੁਤ ਨਾਜ਼ੁਕ ਹਨ ਖਾਸ ਕਰਕੇ ਕਰੋਨਾ ਮਹਾਂਮਾਰੀ ਦੇ ਦੌਰਾਨ ਅਤੇ ਉਸ ਤੋਂ ਬਾਅਦ 84% ਘਰਾਂ ਦੀ ਆਮਦਨ ਹੇਠਾਂ ਆਈ ਹੈ। ਜਦ ਕਿ ਇਸ ਸਮੇਂ ਵਿੱਚ ਭਾਰਤ ਦੇ ਅਰਬਪਤੀਆਂ ਦੀ ਲਿਸਟ ਵਿੱਚ ਵਾਧਾ ਹੋਇਆ ਹੈ ਅਤੇ ਇਹ 102 ਤੋਂ ਵੱਧ ਕੇ 142 ਤੇ ਪਹੁੰਚ ਗਈ। ਭਾਰਤ ਵਿੱਚ ਇਹ ਚੀਜ਼ ਕੋਈ ਨਵੀਂ ਨਹੀ ਬਲਕਿ ਅਜ਼ਾਦੀ ਤੋਂ ਪਹਿਲਾਂ ਵੀ ਸਾਡਾ ਇਹ ਹੀ ਹਾਲ ਸੀ। ਇਸ ਕਰਕੇ ਅਜ਼ਾਦੀ ਤੋਂ ਬਾਅਦ ਅਸੀਂ ਰਲਮਾ ਮਿਲਮਾ (ਮਣਿਏਦ) ਆਰਥਿਕ ਸਿਸਟਮ ਚੁਣਿਆ ਅਤੇ ਅਸੀ ਆਪਣੇ ਆਰਥਿਕ ਅਤੇ ਸਮਾਜਿਕ ਉਦੇਸ਼ ਵੀ ਇਸੇ ਤੇ ਅਧਾਰਿਤ ਕੀਤੇ।

ਉਸ ਵੇਲੇ ਚਾਰ ਉਦੇਸ਼ ਰੱਖੇ ਗਏ ਦੋ ਇਕਾਨਾਮਿਕ ਅਤੇ ਦੋ ਸਮਾਜਿ, ਪਹਿਲਾ ਸੀ ਖੇਤੀ ਪੈਦਾਵਾਰ ਵਧਾਉਣਾ ਤਾਂ ਕਿ ਦੇਸ਼ ਖੁਰਾਕ ਵਿੱਚ ਆਤਮ ਨਿਰਭਰ ਹੋ ਸਕੇ। ਦੂਜਾ ਲੋਕਾਂ ਨੂੰ ਰੋਜ਼ਗਾਰ ਮਿਲੇ ਉਸ ਨਾਲ ਲੋਕਾਂ ਦਾ ਰਹਿਣ ਸਹਿਣ ਉਪਰ ਚੱਕਿਆ ਜਾਵੇ। ਤੀਜਾ ਲੋਕਾਂ ਵਿੱਚ ਆਮਦਨ ਪੱਖੋ ਆਰਥਿਕ ਪਾੜਾ ਘਟਾਉਣਾ ਅਤੇ ਚੋਥਾ ਸਮਾਜਿਕ ਨਿਆਂ ਵਿੱਚ ਬਰਾਬਰਤਾ ਲਿਆਉਣੀ।

ਇਹਨਾਂ ਉਦੇਸ਼ਾ ਦੀ ਪੂਰਤੀ ਲਈ ਖੇਤੀ ਅਤੇ ਇੰਡਸਟਰੀ ਨੂੰ ਤਰਜੀਹ ਦਿੱਤੀ ਗਈ ਅਤੇ ਨਤੀਜੇ ਵਜੋਂ ਹਰੀ ਕ੍ਰਾਂਤੀ ਆਈ। ਦੇਸ਼ ਖੁਰਾਕ ਵਿੱਚ ਪਹਿਲਾਂ ਆਤਮ ਨਿਰਭਰ ਹੋਇਆ ਫਿਰ ਸਰਪਲਸ ਭੀ ਹੋਇਆ ਭਾਵੇ ਇਸੇ ਸਮੇਂ ਦੇਸ਼ ਦੀ ਅਬਾਦੀ ਭੀ ਬਹੁਤ ਜਿਆਦਾ ਵਧੀ ਪਰ ਫਿਰ ਭੀ ਖੁਰਾਕ ਦੀ ਕੋਈ ਸਮੱਸਿਆ ਨਹੀ ਆਈ। ਏਸੇ ਤਰ੍ਹਾਂ ਇੰਡਸਟਰੀ ਵਿੱਚ ਵੀ ਵਾਧਾ ਹੋਇਆ ਲੋਕਾਂ ਨੂੰ ਰੋਜ਼ਗਾਰ ਮਿਲਿਆ ਆਮਦਨ ਵਧੀ ਕੰਜਿਊਮਰ ਗੂਡਸ ਦੀ ਖਪਤ ਵਧੀ ਇਸੇ ਲੜੀ ਵਿੱਚ ਦੇਸ਼ ਦੀ ਜੀ ਡੀ ਪੀ ਵਿੱਚ ਵੀ ਵਾਧਾ ਹੋਇਆ। ਗਰੀਬੀ ਘਟੀ ਲੋਕਾਂ ਦਾ ਰਹਿਣ ਸਹਿਣ ਪੱਧਰ ਉੱਚਾ ਹੋਇਆ ਫਿਰ 1991 ਦੇ ਰਿਫਾਰਮਜ਼ ਨੇ ਲੋਕਾਂ ਦੀ ਆਮਦਨ ਵਿੱਚ ਹੋਰ ਵਾਧਾ ਕੀਤਾ ਅਤੇ ਲੋਕ ਗਰੀਬੀ ਵਾਲੇ ਪਾਸਿਉਂ ਮਿਡਲ ਇੰਨਕਮ ਗਰੁੱਪ ਵੱਲ ਵੱਧੇ । ਤਕਰੀਬਨ 2014-15 ਤੱਕ ਸਭ ਠੀਕ ਠਾਕ ਚਲ ਰਿਹਾ ਸੀ। ਅਚਾਨਕ 2016 ਦੀ ਨੋਟਬੰਦੀ ਨੇ ਐਸਾ ਝਟਕਾ ਦਿੱਤਾ ਕਿ ਲੋਕਾਂ ਦੀਆਂ ਨੌਕਰੀਆਂ ਘੱਟਣ ਲੱਗੀਆਂ ਮਜ਼ਦੂਰ ਵਿਹਲੇ ਹੋਣ



ਲੱਗੇ ਖਾਸ ਕਰਕੇ ਜਿਹੜੇ ਅਨਆਰਗਨਾਈਜ਼ਡ ਸੈਕਟਰ ਵਿੱਚ ਕੰਮ ਕਰਦੇ ਸਨ ਉਸ ਤੋਂ ਜੀ ਐਸ ਟੀ ਦਾ ਅਸਰ ਭੀ ਵੇਖਣ ਨੂੰ ਮਿਲਿਆ



ਡਾ. ਅਮਨਪ੍ਰੀਤ ਸਿੰਘ ਬਰਾੜ
965379000

ਅਤੇ ਕਰੋਨਾ ਦੀ ਬੀਮਾਰੀ ਨੇ ਗੱਲ ਸਿਰੇ ਹੀ ਲਗਾ ਦਿਤੀ। ਬੈਂਕਾਂ ਦਾ ਪੈਸਾ ਡੁੱਬਣ ਨੇ ਵੀ ਲੋਕਾਂ ਵਿੱਚ ਬੇਵਿਸ਼ਵਾਸੀ ਪੈਦਾ ਕਰ ਦਿੱਤੀ। ਇਸ ਦੇ ਉਪਰ ਸਰਕਾਰੀ ਜਾਇਦਾਦਾਂ ਵੇਚਣ ਨੇ ਵੀ ਬਲਦੀ ਤੇ ਤੇਲ ਪਾਉਣ ਦਾ ਕੰਮ ਕੀਤਾ 2014-15 ਤੋਂ ਬਾਅਦ ਨਾ ਕੇਂਦਰ ਸਰਕਾਰ ਅਤੇ ਨਾ ਹੀ ਰਾਜ ਸਰਕਾਰਾਂਨੇ ਲੋਕਾਂ ਨੂੰ ਰੋਜ਼ਗਾਰ ਦਿੱਤਾ। ਸਰਕਾਰੀ ਨੌਕਰੀਆਂ ਭਰੀਆ ਨਹੀ ਗਈਆਂ।ਜਿਹੜੀਆ ਕੋਈ ਭਰੀਆ ਗਈਆ ਉਹ ਠੇਕੇ ਤੇ ਮੁਲਾਜ਼ਮ ਰੱਖੇ (ਅਧੀ ਤੋਂ ਭੀ ਘੱਟ ਤੇ 3 ਤੋ 5 ਸਾਲ ਤੱਕ) ਪੱਕੇ ਅੱਜ ਤੱਕ ਨਹੀ ਕੀਤੇ (ਪੱਕੇ ਕਰਨ ਦਾ ਮਤਲਬ ਪੂਰੀ ਤਨਖਾਹ ਦੇਣਾ) ਇਹਨਾਂਕਾਰਨਾਂ ਨਾਲ ਗਰੀਬ ਹੋਰ ਗਰੀਬ ਹੋ ਗਏ ਅਤੇ ਮੱਧ ਵਰਗ ਗਰੀਬੀ ਵੱਲ ਧੱਕਿਆ ਗਿਆ।

ਅੱਜ ਇਸ ਨੂੰ ਇੱਕ ਤਰਫਾ ਕਰਕੇ ਫਿਰ ਅਸੀ ਅਜ਼ਾਦੀ ਤੋਂ ਪਹਿਲਾਂ ਵਾਲੇ ਵੇਲੇ ਵੱਲ ਨੂੰ ਤੁਰ ਪਏ ਹਾਂ।ਸੋਚਣ ਦੀ ਗੱਲ ਤਾਂ ਇਹ ਹੈ ਕਿ ਆਮ ਇਨਸਾਨ ਤੇ ਤਾਂ ਟੈਕਸ ਵੀ ਵਧੀ ਜਾਂਦਾ ਹੈ, ਮਹਿੰਗਈ ਵੱਧਣ ਨਾਲ ਅਸਿੱਧੇ ਟੈਕਸਾਂ ਦਾ ਬੋਝ ਵਧ ਰਿਹਾ ਹੈ। ਦੂਜੇ ਪਾਸੇ ਅਮੀਰ ਲੋਕਾਂ ਤੇ ਪੂੰਜੀਕਰਣ ਟੈਕਸ ਘੱਟ ਕੀਤਾ ਗਿਆ ਹੈ, ਕਾਰਪੋਰੇਟ ਟੈਕਸ ਘੱਟਾ ਕੇ ਅਤੇ ਵੈਲਥ ਟੈਕਸ ਬੰਦ ਕਰਕੇ ਫਾਇਦਾ ਕਿਸ ਨੂੰ ? ਅਜ਼ਾਦੀ ਤੋਂ ਬਾਅਦ ਰਾਜਿਆਂ ਤੇ ਵੀ ਲੱਗਿਆ ਸੀ ਤਾਂ ਜੋ ਉਹਨਾਂ ਦੀ ਆਮਦਨ ਨੂੰ ਸਧਾਰਨ ਲੋਕਾਂ ਦੇਹਿਸਾਬ ਨਾਲ ਕੀਤਾ ਜਾ ਸਕੇ ਜੋ ਆਰਥਿਕ ਅਸਮਾਨਤਾ ਦੇਸ਼ ਵਿੱਚ ਵੱਧ ਰਹੀ ਹੈ ਉਸ ਦੇ ਸਾਨੂੰ ਦੂਰ ਦਰਿਸਟੀ ਵਾਲੇ ਖਤਰੇ ਦੇਖਣੇ ਚਾਹੀਦੇ ਹਨ।

ਲੋਕਾਂ ਦੀ ਜੇਬ ਵਿੱਚ ਪੈਸਾ ਘਟਿਆ ਇਸ ਦਾ ਸਭ ਤੋ ਵੱਡਾ ਅਸਰ ਪਿਆ ਲੋਕਾਂ ਦੀ ਜੇਬ ਤੇ ਉਹਨਾਂ ਦੀ ਜੇਬ ਵਿੱਚ ਪੈਸਾ ਘਟਿਆ ਹੈ। ਲੋਕ ਲਗਜ਼ਰੀ ਤਾਂ ਰੋਕ ਸਕਦੇ ਹਨ, ਪਰ ਜਰੂਰਤਾਂ ਨਹੀ। ਇਸ ਵੇਲੇ ਵੀ ਇਹ ਹਾਲ ਹੈ ਲੋਕਾਂ ਨੂੰ ਜਰੂਰਤ ਦੀਆਂ ਚੀਜ਼ਾਂ ਦੀ ਖਪਤ ਵੀ ਘਟਾਉਣੀ ਪੈ ਰਹੀ ਹੈ। ਰਿਪੋਰਟ ਦੇ ਮੁਤਾਬਕ ਭਾਰਤ ਦੀ ਅਬਾਦੀ ਦੀ, 2021 ਵਿੱਚ ਨੈਸ਼ਨਲ ਐਵਰੇਜ਼ ਇੰਨਕਮ ਦੀਫੁਰਚਹਓਸਨਿਗ ਪੋਾਏਰ ਪਓਰਟਿ ਦੇ ਹਿਸਾਬ ਨਾਲ 2,04,200 ਰੁਪਏ ਜਦਕਿ ਆਮਦਨ ਅਸਮਾਨਤਾ ਦੇ ਹਿਸਾਬ ਨਾਲ 50% ਹੇਠਲੀ ਅਬਾਦੀ ਨੇ ਸਿਰਫ 53610 ਰੁਪਏ ਹੀ ਸਾਲ ਵਿੱਚ ਕਮਾਏ।ਔਸਤਨ ਭਾਰਤੀ ਘਰ ਕੋਲ ੍ਰਸ. 9,83,010 ਦੀ ਪੂੰਜੀ ਹੈ ਜਦਕਿ ਹੇਠਲੇ 50% ਕੋਲ ਵੈਲਥ ਨਾਂਹ ਦੇ ਬਰਾਬਰ, ਸਿਰਫ 66280 ਰੁਪਏ ਹੈ। ਮੱਧ ਵਰਗ ਵੀ ਕੋਈ ਬਹੁਤਾ ਚੰਗਾ ਨਹੀ ਇਹਨਾ ਕੋਲ ਵੀ ਸਿਰਫ 29.5% ਵੈਲਥ ਹੀ ਹੈ। ਪਰ 1% ਅਰਬਪਤੀਆਂ ਕੋਲ ਮੁਲਕ ਦੀ 33% ਵੈਲਥ ਹੈ। ਇਸ ਵਿੱਚ ਹੋਰ ਇਜ਼ਾਫਾ ਹੋਇਆ ਕਰੋਨਾ ਸਮੇਂ ਵਿੱਚ ਕਿਉਂਕਿ ਲੋਕਾਂ ਦੀਆਂ ਨੌਕਰੀਆਂ ਚਲੀਆ ਗਈਆਂ ਹਨ। ਤਕਰੀਬਨ ਪ੍ਰਾਈਵੇਟ ਨੌਕਰੀਆ ਵਾਲਿਆਂ ਤੇ ਤਨਖਾਹਾਂ ਦਾ ਕੱਟ ਤਾਂ ਲੱਗਿਆ ਹੀ ਹੈ। ਜਿੰਨਾਂ ਦੀਆਂ ਤਨਖਾਹਾਂ ਨਹੀ ਘਟੀਆਂ ਉਹਨਾਂ ਦੀ ਵੀ ਖਰੀਦ ਸ਼ਕਤੀ ਤਾਂ ਘਟੀ ਹੈ ਕਿਉਂਕਿ ਮਹਿੰਗਾਈ ਨੇ ਲੱਕ ਤੋੜ ਰੱਖਿਆ ਹੈ।

ਇਸ ਵਿੱਚ ਅੱਗੋ ਹੋਰ ਨਿਗਾਰ ਆਉਣਾ ਹੈ ਕਿਉਂਕਿ ਸਾਡੇ ਮੁਲਕ ਵਿੱਚ ਸਾਰਾ ਕੁੱਝ ਪ੍ਰਾਈਵੇਟ ਹੱਥਾਂ ਵਿੱਚ ਦਿੱਤਾ ਜਾ ਰਿਹਾ ਹੈ। ਪਹਿਲਾਂ ਹੀ ਪ੍ਰਾਈਵੇਟ ਖਾਸ ਕਰਕੇ ਕਾਰਪੋਰੇਟ ਨੇ ਜ਼ੜ ਹੀ ਕੱਡ ਰੱਖੀ ਤੇ ਹੁਣ ਤਾਂ ਲੇਬਰ ਕਾਨੂੰਨ ਵੀ ਬਦਲ ਦਿਤੇ ਗਏ ਹਨ “ਓਓਸਇ ੋਡ ਦੋਨਿਗ ਭੁਸਸਨਿਇਸਸ”ਯਾਨੀ “ਵਪਾਰ ਕਰਨਾ ਸੌਖਾ” ਦੀ ਆੜ ਵਿੱਚ। ਇਸ ਵਿੱਚ ਸਭ ਤੋਂ ਵੱਡੀ ਗੱਲ ਹੈ ਕਿ ਕੋਈ ਪੱਕੇ ਕੱਚੇ ਦਾ ਫਰਕ ਨਹੀ ਨਾਂ ਹੀ ਕੋਈ ਮਹਿੰਗਾਈ ਭੱਤਾ, ਨਾ ਪੈਨਸ਼ਨ ਨਾ ਪੀ ਐਫ ਦੇਣ ਦੀ ਲੋੜ। ਅੱਗੇ ਤਨਖਾਹ ਤਾਂ ਪ੍ਰਾਈਵੇਟ ਵਾਲੇ ਪੂਰੀ ਦਿੰਦੇ ਨਹੀਂ ਸੀ। ਪਰ ਜਿਸ ਤਰ੍ਹਾਂ ਹੁਣ ਸਰਕਾਰੀ ਅਦਾਰੇ ਖਤਮ ਕੀਤੇ ਜਾ ਰਹੇ ਹਨ, ਸਰਕਾਰੀ ਨੌਕਰੀ ਰਹਿਣੀ ਨਹੀ ਅਤੇ ਪ੍ਰਾਈਵੇਟ ਵਾਲਿਆ ਦੀਆਂ ਹੋਰ ਮਨਮਾਨੀਆਂ ਸ਼ੁਰੂ ਹੋ ਜਾਣਗੀਆ। ਅੱਜ ਤੱਕ ਸਰਕਾਰ ਦੀ ਤਨਖਾਹ ਨੂੰ ਇੰਡੈਕਸ ਮੰਨਿਆ ਜਾਂਦਾ ਸੀ। ਫੇਰ ਉਸ ਹਿਸਾਬ ਨਾਲ ਉਸਦਾ 60% ਜਾਂ 80% ਜਾਂ ਜੋ ਵੀ ਪ੍ਰਾਈਵੇਟ ਵਾਲਿਆਂ ਨੂੰ ਮਿਲਦਾ ਸੀ। ਜਦੋਂ ਇਹ ਇੰਡੈਕਸ ਹੀ ਖਤਮ ਹੋ ਗਿਆ ਤਾਂ ਫੇਰ ਕਿਸ ਤਰ੍ਹਾਂ ਤਨਖਾਹ ਦੀ ਗਰੰਟੀ ਹੋਊਗੀ। ਬੇਰੁਜ਼ਜਗਾਰੀ ਕਰਕੇ ਲੇਬਰ ਪਹਿਲਾਂ ਹੀ ਫਾਲਤੂ ਹੈ।

ਇਸ ਵੇਲੇ ਹਾਲਾਤ ਵੇਖੋ ਮੁਲਕ ਦੇ ਕਿ ਆਮ ਬੰਦੇ ਤੇ ਪੈਟਰੋਲ, ਡੀਜ਼ਲ, ਰਸੋਈ ਗੈਸ ਵਾਲੀਆਂ ਚੀਜ਼ਾਂ ਤੇ ਟੈਕਸ ਦੀ ਦਰ ਵਧਾ ਕੇ ਸਰਕਾਰ ਸਰਕਾਰੀ ਖਜ਼ਾਨਾ ਭਰਨ ਲੱਗੀ ਹੈ ਪਰ ਕੇਂਦਰ ਸਰਕਾਰ ਨੇ ਕਾਰਪੋਰੇਟ ਟੈਕਸ ਦੁਬਾਰਾ ਵਧਾ ਕਿ 30% ਨਹੀ ਕੀਤਾ। ਸਗੋਂ ਇਸ ਨੂੰ 2022-23 ਦੇ ਬਜਟ ਵਿੱਚ ਹੋਰ ਘਟਾ ਕੇ 15% ਕਰ ਦਿੱਤਾ ਹੈ।ਦੂਜਾ ਜਿਹੜੇ ਇਹਨਾਂ ਵੱਡੀਆ ਕੰਪਨੀਆਂ ਦੇ ਮਾਲਕ ਕਾਗਜਾਂ ਵਿੱਚ ਸੀ ਈ ਉ ਜਾਂ ਚੈਅਰਮੈਨ ਦੇ ਦਰਜੇ ਤੇ ਹਨ ਇਹਨਾਂ ਦੀਆਂ ਤਨਖਾਹਾਂ ਸਾਡੇ ਮੁਲਕ ਦੇ ਪਹਿਲੇ ਸਿਟੀਜ਼ਨ ਯਾਨੀ ਰਾਸ਼ਟਰਪਤੀ ਤੋਂ ਵੀ ਕਈ ਗੁਣਾ ਵੱਧ ਕਿਉਂ ਹਨ। ਇੱਕ ਤਾਂ ਉਹਨਾਂ ਦੇ ਖਰਚਾ ਦਿਖਾ ਕੇ ਕੰਪਨੀ ਦਾ ਟੈਕਸ ਬਚਾ ਲਿਆ ਦੂਜਾ ਉਸ ਤੇ ਕੋਈ ਵੈਲਥ ਟੈਕਸ ਨਹੀਂ।


ਅਸਮਾਨਤਾ ਮਾਰਦੀ ਹੈ(ਨਿਏਤੁਓਲਟਿ ਖਲਿਲਸ) ਇਸ ਸ਼ਬਦ ਨੂੰ ਬੜੇ ਧਿਆਨ ਨਾਲ ਘੋਖਨਾ ਚਾਹੀਦਾ ਹੈ, ਸਾਡੀਆਂ ਸਰਕਾਰਾ ਨੂੰ। ਹੋ ਸਕਦਾ ਕਿ ਸਮੇਂ ਦੀਆਂ ਸਰਕਾਰਾਂ ਦੀ ਸੋਚ ਹੋਵੇ ਕਿ ਲੋਕਾਂ ਨੂੰ ਗਰੀਬ ਕਰਦਿਉਂ ਤੇ ਇਹਨਾ ਤੇ ਆਰਾਮ ਨਾਲ ਰਾਜ ਕਰੋ, ਕਿਉਂਕਿ ਗਰੀਬੀ ਅਤੇ ਵਫ਼ਾਦਾਰੀ ਦਾ ਰਿਸ਼ਤਾ ਬੜਾ ਗਹਿਰਾ ਹੈ। ਪਰ ਸ਼ਾਇਦ ਉਹ ਪੁਰ-ਾਣੇ ਸਬਕ ਭੁੱਲ ਗਏ ਹਨ, ਕਿਉਂ ਕਿ ਪੇਟ ਦੀ ਅੱਗ ਅਤੇ ਗਰੀਬੀ-ਅਮੀਰੀ ਦੇ ਪਾੜੇ ਨੇ ਹਮੇਸ਼ਾ ਹੀ ਵਿਦਰੋਹ ਨੂੰ ਜਨਮ ਦਿੱਤਾ ਹੈ। ਵਿਦਰੋਹ ਉਸ ਵੇਲੇ ਵੀ ਹੋਏ ਜਦੋਂ ਲੋਕਾਂ ਵਿੱਚ ਜਾਗਰੂਕਤਾ ਦੇ ਜ਼ਰੀਏ ਘੱਟ ਸੀ। ਅੱਜ ਤਾਂ ਲੋਕ ਪੂਰੇ ਜਾਗਰੂਕ ਹਨ ਅਤੇ ਹੌਂਸਲੇ ਵੀ ਖੁੱਲੇ ਹਨ ਸਿਆਸਤਦਾਨਾਂ ਅਤੇ ਅਧਿਕਾਰੀਆਂ ਨੂੰ ਸਵਾਲ ਪੁੱਛਣ ਦੇ ਤੇ ਗਲਤ ਨੂੰ ਗਲਤ ਕਹਿਣ ਦੇ।

ਸਰਕਾਰ ਇਸ ਨੂੰ ਗੰਭੀਰਤਾ ਨਾਲ ਲਵੇ ਕਿਉਂਕਿਜਿਵੇਂ ਕਿ 1970-80 ਦੇ ਦਹਾਕੇ ਵਿੱਚ ਆਈ ਫਿਲਮ ਰੋਟੀ ਵਿੱਚ ਦਿਖਾਇਆ ਸੀ ਕਿ ਕਿਵੇਂ ਪੇਟ ਦੀ ਅੱਗ ਬੰਦੇ ਨੂੰ ਜੁਰਮ ਵੱਲ ਧੱਕਦੀ ਹੈ ਕਿਤੇ ਉਸ ਤਰ੍ਹਾਂ ਹੁਣ ਵੀ ਨਾਂ ਹੋ ਜਾਵੇ। ਇਸ ਵੇਲੇ ਦੇਸ਼ ਨੂੰ ਸਥਿਰਤਾ ਦੀ ਲੋੜ ਹੈ ਕਿਉਂਕਿ ਬਾਹਰਲੀਆ ਤਾਕਤਾਂ ਪਹਿਲਾਂ ਹੀ ਦੇਸ਼ ਨੂੰ ਕਮਜ਼ੋਰ ਕਰਨ ਲਈ ਆਪਣਾ ਜ਼ੋਰ ਲਗਾ ਰਹੀਆ ਹਨ। ਜੇ ਦੇਸ਼ ਦੇ ਅੰਦਰ ਵੀ ਹਾਲਤ ਵਿਗੜਦੇ ਹਨ ਤਾਂ ਸਾਡੇ ਦੇਸ਼ ਲਈ ਬਹੁਤ ਔਖਾ ਹੋ ਜਾਵੇਗਾ ਦੋਨੋਂ ਪਾਸੇਂ ਲੜਨਾ। ਸੋ ਉਮੀਦ ਕੀਤੀ ਜਾਂਦੀ ਹੈ ਕਿ ਸਰਕਾਰ ਇਸ ਨੂੰ ਗੰਭੀਰਤਾ ਨਾਲ ਵਿਚਾਰ ਕਰਕੇ ਸਥਿਤੀ ਨੂੰ ਠੀਕ ਕਰਨ ਲਈ ਯੋਜਨਾ ਬੰਦ ਤਰੀਕੇ ਨਾਲ ਕੰਮ ਕਰਕੇ ਦੇਸ਼ ਅੰਦਰ ਬੇਰੁਜ਼ਗਾਰੀ ਦੀ ਸਮੱਸਿਆ ਨੂੰ ਹੱਲ ਕਰਨ ਦੀ ਕੋਸ਼ਿਸ਼ ਕਰੇ ਜਿਹੜੀਆ ਵਸਤੂਆਂ ਅਸੀਂ ਚੀਨ ਆਦਿ ਵਰਗੇ ਦੇਸ਼ਾਂ ਤੋਂ ਮੰਗਵਾਉਂਦੇ ਹਾਂ ਉਹ ਇਥੇ ਹੀ, ਐਮ ਐਸ ਐਮ ਈ (ਸ਼ੰਓ)ਸੈਕਟਰ ਨੂੰ ਉਤਸ਼ਾਹਤ ਕਰਕੇ ਬਣਵਾਈਏ। ਨੌਕਰੀਆ ਛੋਟੇ ਉਦਯੋਗ ਪੈਦਾ ਕਰਦੇ ਹਨ ਵੱਡੇ ਨਹੀ। ਵੱਡਿਆ ਵਿੱਚ ਰੋਬੋਟ ਕੰਮ ਕਰਦੇ ਹਨ ਛੋਟਿਆਂ ਵਿੱਚ ਇਨਸਾਨ। ਬਜਟ ਵਿੱਚ ਜਿਹੜਾ ਪੈਸਾ ਹਾਈਵੇ ਅਤੇ ਗੱਡੀਆਂ ਅਤੇ ਡਰੋਨਾਂ ਲਈ ਲਈ ਰੱਖਿਆ ਹੈ ਉਸ ਨਾਲ ਫੂਡ ਪ੍ਰੋਸੈਸਿੰਗ ਅਤੇ ਕੰਨਜਿਊਮਰ ਗੁਡਸ ਦੇਸ਼ ਵਿੱਚ ਬਣਾਕੇ ਅਤੇ ਇਥੇਨੋਲ ਬਣਾ ਕਿ ਫੋਰੇਨ ਐਕਸਚੇਂਜ ਬਚਾਉ। ਇਸ ਨਾਲ ਜਿਹੜੇ ਦੇਸ਼ ਸਾਨੂੰ ਆਪਣਾ ਸਮਾਨ ਵੇਚ ਕੇ ਸਾਡੇ ਦੇਸ਼ ਨਾਲ ਹੀ ਲੜਾਈ ਵਿੱਚ ਰੁੱਝੇ ਹਨ ਉਹ ਭੀ ਠੀਕ ਹੋ ਜਾਣਗੇ। ਆਸ ਰੱਖਦਾ ਹਾਂ ਸਰਕਾਰ ਦੇ ਨੀਤੀ ਘਾੜੇ ਇਹਨਾਂ ਗੱਲਾਂ ਵੱਲ ਧਿਆਨ ਦੇਣਗੇ।

# ਪ੍ਰੋਹਣਾਚਾਰੀ ਦੇ ਬਦਲਦੇ ਢੰਗ

ਮੈਨੂੰ ਅੱਜ ਵੀ ਯਾਦ ਹੈ,ਸਾਡੇ ਘਰ ਜਦੋਂ ਕੋਈ ਪ੍ਰੋਹਣਾ ਆਉਂਦਾ ਤਾਂ ਸਾਰੇ ਟੱਬਰ ਨੂੰ ਬੜਾ ਚਾਅ ਹੁੰਦਾ। ਬੀਬੀ ਜੀ ਨੇ ਮਾਤਾ ਜੀ ਨੂੰ ਹਦਾਇਤ ਕਰ ਦੇਣੀ ਕਿ ਅੱਜ ਰਾਤ ਦੇ ਖਾਣੇ ਵਿੱਚ ਫਲਾਣੀ ਚੀਜ਼ ਬਣੇ। ਉਹਨਾਂ ਦਿਨਾਂ ਵਿੱਚ ਮਿੱਠੇ ਚੌਲ ( ਜਰਦਾ) ਪ੍ਰੋਹਣਿਆ ਦੀ ਮਹਿਮਾਨ ਨਵਾਜ਼ੀ ਦਾ ਖਾਸ ਕਾਜ ਸੀ। ਦੂਰੋਂ ਤੁਰੀ ਆਉਂਦੀ ਕਿਸੇ ਭੂਆ, ਮਾਸੀ, ਨਾਨੀ, ਨੂੰ ਵੇਖ ਲੈਣਾ ਤਾਂ ਘਰ ਦੇ ਸਾਰੇ ਜਵਾਕ ਉਹਨਾਂ ਦਾ ਝੋਲਾ ਚੁੱਕਣ ਅੱਗੇ ਹੋ ਨੱਠਦੇ, ਤਾਏ ਚਾਚੇ ਦੇ ਜਵਾਕ ਸੱਸਰੀਕਾਲ ਬੁਲਾਉਂਦੇ ਹੀ ਪ੍ਰੋਹਣੇ ਨੂੰ ਪੱਕੀ ਕਰ ਲੈਂਦੇ ਕਿ ਅੱਜ ਤੁਸੀਂ ਸਾਡੇ ਘਰ ਸੌਣਾ। ਸਾਰੇ ਟੱਬਰ ਨੂੰ ਪ੍ਰੋਹਣਿਆਂ ਨੂੰ ਵੇਖ ਬੜਾ ਹੀ ਚਾਅ ਚੜ੍ਹ ਜਾਂਦਾ। ਮਾਂ ਨੇ ਵੰਨ - ਸੁਵੰਨੇ ਪਕਵਾਨ ਬਣਾ ਅੱਗੇ ਧਰ ਦੇਣੇ, ਹੱਸੋਂ ਹੱਸੋਂ ਕਰਦੇ ਚਿਹਰੇ ਨਾਲ ਉਸਨੇ ਇਕੱਲੀ ਨੇ ਚੁਲ੍ਹਾ ਚੌਂਕਾਂ ਸਾਂਭ ਲੈਣਾ, ਪਰ ਕਦੇ ਅੱਕੀ ਜਾਂ ਥੱਕੀ ਨਹੀਂ ਸੀ। ਰਾਤ ਸੌਣ ਲਈ ਮਾਂ ਦੇ ਦਾਜ ਵਾਲੇ ਸੰਭਾਲੇ ਨਵੇਂ ਜੁਲ੍ਹੇ ਬਿਸਤਰੇ ਕੱਢ ਵਿਛਾਈ ਕੀਤੀ ਜਾਣੀ, ਬਿਸਤਰਿਆਂ ਦੀ ਵਛਾਈ ਕਰਦਿਆਂ ਹੀ ਮਾਂ ਨੂੰ ਚੇਤਾ ਆ ਜਾਣਾ ਕਿ ਫਲਾਣੀ ਚਾਦਰ ਉਸਨੇ ਕਦੋਂ ਕੱਢੀ ਸੀਯ ਮੰਜਿਆਂ ਦੇ ਪੈਂਦਿਆਂ ਸਾਰ ਹੀ ਪ੍ਰੋਹਣਿਆਂ ਨੂੰ ਪਹਿਲਾਂ ਹਫਤਾ ਖੰਡ ਰੁਕਣ ਦੀ ਪੱਕੀ ਕਰ ਦੇਣੀ " ਬਈ ਹੁਣ ਤੈਨੂੰ ਅਸਾਂ ਹਫ਼ਤਾ ਦਸ ਦਿਨ ਨਹੀਂ ਜਾਣ ਦੇਣਾ, ਵਾਹਵਾ ਰੌਣਕ ਲੱਗੀ ਏ, ਘਰਾਂ ਵਿੱਚੋਂ ਕਿੱਥੇ ਨਿਕ-ਲਆ ਜਾਂਦਾਂ ਛੇਤੀ, ਏਦਾਂ ਕਰਦਿਆਂ ਕਰਦਿਆਂ ਜਦੋਂ ਤਿੰਨ ਚਾਰ ਦਿਨ ਲੰਘ ਜਾਣੇ ਤਾਂ ਤਿੰਨੀ ਚੋਹੀਂ ਦਿਨੀ ਆਏ ਮਹਿਮਾਨ ਨੇ ਜਾਣ ਦੀ ਜਿੱਦ ਕਰਨੀ ਤਾਂ ਘਰਦੇ ਜਵਾਕਾਂ ਨੇ ਪਹਿਲਾਂ ਉਹਦਾ ਝੋਲਾ ਲੁਕਾ ਲੈਣਾ, ਅਗਲੇ ਦਿਨ ਫਿਰ ਜਦੋਂ ਉਸਨੇ ਕਾਹਲ ਕਰਨੀ ਤਾਂ ਥੋੜਾ ਰੁਕ, ਥੋੜਾ ਰੁਕ ਕਹਿ ਕੇ ਸ਼ਾਮਾਂ ਪਵਾ ਦੇਣੀਆਂ ਤੇ ਉਨੇ ਚਿਰ ਨੂੰ ਬੱਸ ਨਿਕਲ ਜਾਣੀ, ਕਹਿਣ ਤੋਂ ਭਾਵ ਕਿ ਬੀਤ ਗਏ ਵੇਲਿਆਂ ਵਿੱਚ ਆਪਸੀ ਭਾਈਚਾਰੇ ਤੇ ਪਿਆਰ ਦੀਆਂ ਤੰਦਾਂ ਬੜੀਆਂ ਗੂੜੀਆਂ ਸਨ।

ਕੱਚਿਆਂ ਘਰਾਂ ਤੋਂ ਪੱਕੇ , ਜੇ ਕਿਸੇ ਨੇ ਘਰ ਚ ਆਏ ਗਏ ਲਈ ਇੱਕ ਵੱਖਰੀ ਬੈਠਕ ਬਣਾਈ ਹੁੰਦੀ ਤਾਂ, ਬੜੀ ਵੱਡੀ ਗੱਲ ਮੰਨੀ ਜਾਣ ਲੱਗੀ, ਏਥੋਂ ਤੱਕ ਜਦ ਕਿਸੇ ਦੀ ਧੀ



ਹਰਕੀਰਤ ਕੌਰ
9779118066

ਦਾ ਰਿਸ਼ਤਾ ਹੋਣਾ ਤਾਂ ਵਿਚੋਲਾ ਖਾਸ ਕਰ ਬੈਠਕ ਦਾ ਵੇਰਵਾ ਜਰੂਰ ਪਾਉਂਦਾ ਕਿ ਅਗਲੇ ਸਹਿੰਦੇ ਪਰਿਵਾਰ ਚੋਂ ਆ, ਘਰ ਚ ਬੈਠਕ ਵੱਖਰੀ ਬਣਾਈ ਅਗਲਿਆਂ ਨੇ " । ਇਹੋਂ ਜਿਹੇ ਸਮਿਆਂ ਵਿਚੋਂ ਹੁੰਦੇ ਹੋਏ ਅਸੀਂ ਪੱਕੇ ਘਰਾਂ, ਗੁਸਲਖਾਨਿਆਂ, ਚੌਂਕਿਆਂ ਤੋਂ ਰਸੋਈਆਂ ਦਾ ਸਫ਼ਰ ਤੈਅ ਕੀਤਾ ਤੇ ਅੱਜ ਵੰਨ ਸੁਵੰਨੇ ਲਿਸ਼ਕਾਂ ਮਾਰਦੇ ਪੱਥਰਾਂ ਦੀਆਂ ਬਣੀਆਂ ਇਮਾਰਤਾਂ ਵਿੱਚ ਸਾਡਾ ਜੀਵਨ ਕੈਦ ਹੋ ਗਿਆ। ਸਮਾਂ ਬੜੀ ਤੇਜ਼ੀ ਨਾਲ ਬੀਤਿਆ ਅਤੇ ਸਾਡੇ ਰਹਿਣ ਸਹਿਣ ਦੇ ਢੰਗ ਤਰੀਕਿਆਂ ਨਾਲ ਸਾਡੀ ਸਮੁੱਚੀ ਜੀਵਨ ਜਾਂਚ ਵੀ ਬਦਲ ਗਈ। ਅੱਜ ਅਸੀਂ ਉਸ ਦੌਰ ਵਿੱਚ ਪਹੁੰਚ ਗਏ ਹਾਂ, ਜਿੱਥੇ ਸਾਡੀ ਨਿੱਜਤਾ ਸਾਡੇ ਉੱਪਰ ਬਹੁਤ ਭਾਰੂ ਹੋ ਰਹੀ ਹੈ। ਘਰ ਦੇ ਪਰਿਵਾਰ ਨਾਲ ਰਲ ਮਿਲ ਕੇ ਬੈਠਣ ਦੀ ਥਾਂ ਜਿੰਨੇ ਟੱਬਰ ਦੇ ਜੀਅ ਉਹ ਆਪੋ ਆਪਣੇ ਕਮਰਿਆਂ ਵਿੱਚ ਰਹਿਣ ਲੱਗੇ ਹਨ। ਜੇਕਰ ਗੱਲ ਅੱਜ ਦੀ ਪ੍ਰੋਹਣਾਚਾਰੀ ਦੀ ਕਰੀਏ ਤਾਂ ਪਹਿਲਾਂ ਨਾਲੋ ਬਹੁਤ ਅੰਤਰ ਵੇਖਣ ਨੂੰ ਮਿਲਦਾ ਹੈ। ਕਿਸੇ ਮਹਿਮਾਨ ਦੇ ਆਉਣ ਦਾ ਕੋਈ ਖਾਸ ਚਾਅ ਉਚੇਚ ਨਹੀਂ ਕੀਤੀ ਜਾਂਦੀ, ਨਾ ਹੀ ਕਿਸੇ ਨੂੰ ਕਿਸੇ ਦੀ ਉਡੀਕ ਰਹਿੰਦੀ ਹੈ। ਸਾਰੇ ਆਪਣੀ ਆਪਣੀ ਜ਼ਿੰਦਗੀ ਵਿੱਚ ਏਨੇ ਵਿਅਸਤ ਹੋ ਚੁੱਕੇ ਹਨ ਕਿ ਇਹ ਸਾਰੀਆਂ ਕਦਰਾਂ ਕੀਮਤਾਂ ਬਹੁਤ ਪਿੱਛੇ ਛੁੱਟ ਗਈਆਂ ਲੱਗਦੀਆਂ ਨੇ। ਜੇ ਕੋਈ ਬਿਨਾ ਦੱਸੇ ਪ੍ਰੋਹਣਾ ਆ ਜਾਂਦਾ ਹੈ, ਉਤੋਂ ਹੋਵੇ ਉਹ ਪ੍ਰੋਹਣਾ ਥੋੜਾ ਮਾਤੜ ਤਾਂ ਪਰਿਵਾਰਾਂ ਵਿੱਚ ਖੁਸ਼ੀ ਦੀ ਥਾਂ ਅਜਿਹੀਆਂ ਨਜ਼ਰਾਂ ਨਾਲ ਵੇਖਿਆ ਜਾਂਦਾ ਹੈ ਕਿ ਜਿਵੇਂ ਉਸਨੇ ਆਕੇ ਕੁਝ ਗਲਤੀ ਕੀਤੀ ਹੋਵੇ।

ਇਸ ਤੋਂ ਇਲਾਵਾ ਅਸੀਂ ਰਿਸ਼ਤੇਦਾਰੀਆਂ ਦੀ ਵੀ ਵੰਡ ਕੀਤੀ ਹੋਈ ਹੈ, ਆਉਣ ਵਾਲੇ ਪ੍ਰੋਹਣੇ ਦੀ ਆਰਥਿਕ ਹਾਲਤ ਦੇ ਹਿਸਾਬ ਨਾਲ ਹੀ ਉਸਦੀ ਪ੍ਰੋਹਣਾਚਾਰੀ ਹੁੰਦੀ ਹੈ। ਕਿਸੇ ਪੈਸੇ ਵੱਲੋਂ ਸਹਿੰਦੇ ਪ੍ਰੋਹਣੇ ਦੀ ਆਉ ਭਗਤ ਤੇ ਕਿਸੇ ਮਾਤੜ ਪ੍ਰੋਹਣੇ ਦੀ ਆਉ ਭਗਤ ਵਿੱਚ ਜਮੀਨ ਅਸਮਾਨ ਦਾ ਫ਼ਰਕ ਹੁੰਦਾ।

ਵਿਆਹ ਸ਼ਾਦੀਆਂ ਉੱਤੇ ਪਹਿਲਾਂ ਵਾਂਗ ਰਿਸ਼ਤੇਦਾਰ ਇਕੱਠੇ ਹੋ ਨਹੀਂ ਆਉਦੇ ਬਸ ਘੜੀ ਦੀ ਘੜੀ ਪੈਲਸਾਂ ਵਿੱਚ ਆਉਂਦੇ ਹਨ ਤੇ ਉੱਥੋਂ ਹੀ ਵਾਪਸ ਹੋ ਜਾਂਦੇ ਹਨ। ਪਹਿਲਿਆਂ ਸਮਿਆਂ ਵਿੱਚ ਦਸ ਦਸ ਦਿਨ ਪਹਿਲਾਂ ਭੂਆ, ਮਾਸੀਆਂ ਦਾ ਇਕੱਠ ਵਿਹੜਿਆਂ ਵਿੱਚ ਰੌਣਕਾਂ ਲਗਾ ਛੱਡਦਾ ਸੀ। ਅੱਜ ਲੋਕ ਵਿਆਹਾਂ ਦੇ ਮੌਕੇ ਤੇ ਚਾਅ ਤੇ ਰੀਝਾਂ ਤਾਂ ਸ਼ਾਇਦ ਪੂਰੀਆਂ ਕਰਦੇ ਹਨ, ਪਰ ਸ਼ਾਇਦ ਉਹਨਾਂ ਦੇ ਤਰੀਕੇ ਬਦਲ ਚੁੱਕੇ ਹਨ, ਉਦਹਾਰਣ ਦੇ ਤੌਰ ਤੇ ਗਾਉਣ ਬਿਠਾਉਣ ਦੀ ਜਗ੍ਹਾ ਪੈਲਸਾਂ ਵਿੱਚ ਰੱਖੇ ਜਾਂਦੇ ਲੇਡੀ ਸੰਗੀਤ, ਘੋੜੀਆਂ , ਸੁਹਾਗ ਗਾਉਣ ਦੀ ਜਗ੍ਹਾ ਡੀ. ਜੇ ਸਪੀਕਰਾਂ ਦੀ ਕੰਨ ਪਾੜਵੀਂ ਅਵਾਜ਼ ਆਦਿ ਨੇ ਲੈ ਲਈ ਹੈ। ਰਿਸ਼ਤੇਦਾਰ ਘੜੀ ਦੀ ਘੜੀ ਆਉਂਦੇ ਹਨ ਤੇ ਆਪਣੀ ਖਾਨਾਪੂਰਤੀ ਕਰ ਘਰ ਵਾਪਸ ਹੋ ਜਾਂਦੇ ਹਨ।

ਇਹ ਕੁਝ ਉਦਹਾਰਨਾ ਤੋਂ ਸਮਝ ਲੱਗਦਾ ਸਾਡੇ ਜੀਵਨ ਵਿੱਚ ਕਾਫ਼ੀ ਤਬਦੀਲੀਆਂ ਆ ਚੁੱਕੀਆਂ ਹਨ। ਸਮੇਂ ਦੀ ਆਪਣੀ ਚਾਲ ਤੇ ਤਾਲ ਹੈ, ਸਮੇਂ ਦੀ ਚਾਲ ਨਾਲ ਘੜੀ ਦੀ ਸੂਈ ਦੀ ਟਿਕ ਟਿਕ ਦੀ ਤਾਲ ਹਮੇਸ਼ਾ ਇੱਕਸੁਰਤਾ ਨਾਲ ਚੱਲਦੀ ਰਹਿੰਦੀ ਹੈ । ਇਸਨੇ ਬਹੁਤ ਤਬਦੀਲੀਆਂ ਕੀਤੀਆਂ ਵੀ ਤੇ ਹੋਰ ਕਰਨੀਆਂ ਵੀ ਹਨ। ਪਰ ਇਹ ਤਬਦੀਲੀਆਂ ਪਦਾਰਥਾਂ ਤੱਕ ਸੀਮਤ ਰਹਿਣੀਆਂ ਚਾਹੀਦੀਆਂ ਹਨ, ਇਹਨਾਂ ਤਬਦੀਲੀਆਂ ਦਾ ਅਸਰ ਤੇ ਨਸ਼ਾ ਸ਼ਾਇਦ ਸਾਡੇ ਦਿਮਾਗ ਤੇ ਨਹੀਂ ਚੜਨਾ ਚਾਹੀਦਾ। ਮਨੁੱਖ ਅਹਿਸਾਸਾਂ, ਜਜ਼ਬਾਤਾਂ ਦੇ ਸਹਾਰੇ ਜਿਊਂਦਾ ਹੈ। ਇਹ ਜਜ਼ਬਾਤ ਸਾਡੇ ਆਪਣਿਆਂ ਨਾਲ ਜੁੜੇ ਹੁੰਦੇ ਹਨ। ਇਹਨਾਂ ਵਿੱਚ ਫਿੱਕ ਕਦੇ ਨਹੀਂ ਪੈਣੀ ਚਾਹੀਦੀ। ਪੰਜਾਬੀ ਆਪਣੀ ਚੰਗੀ ਮਹਿਮਾਨ ਨਿਵਾਜੀ ਦਾ ਕਰਕੇ ਦੁਨੀਆਂ ਭਰ ਵਿੱਚ ਮਸ਼ਹੂਰ ਹਨ, ਪਰ ਸੱਭਿਆਚਾਰ ਦਾ ਇਹ ਰੰਗ ਸਹਿਜੇ ਸਹਿਜੇ ਫਿੱਕਾ ਹੁੰਦਾ ਜਾ ਰਿਹਾ ਹੈ, ਅਸੀਂ ਜ਼ਿੰਦਗੀ ਦੇ ਰੁਝੇਵਿਆਂ ਨੂੰ ਏਨਾਂ ਵਧਾ ਲਿਆ ਹੈ, ਪੈਸੇ ਇਕੱਠੇ ਕਰਨ ਦੀ ਦੌੜ ਨੂੰ ਏਨਾਂ ਤੇਜ਼ ਕਰ ਲਿਆ ਹੈ ਕਿ ਕੋਈ ਵੀ ਹੋਰ ਗਤੀਵਿਧੀ ਸਾਨੂੰ ਸਮੇਂ ਦੀ ਬਰਬਾਦੀ ਲੱਗਣ ਲੱਗ ਗਈ ਹੈ, ਏਥੋਂ ਤੱਕ ਕਿ ਕਿਸੇ ਰਿਸ਼ਤੇਦਾਰ, ਸਾਕ ਸੰਬੰਧੀ ਦਾ ਆਉਣਾ ਜਾਣਾ ਵੀ। ਪਰ ਸਾਨੂੰ ਇਹ ਧਿਆਨ ਰੱਖਣਾ ਪਵੇਗਾ ਕਿ ਪ੍ਰੋਹਣਾਚਾਰੀ ਜਿੱਥੇ ਸਾਡੇ ਸੱਭਿਆਚਾਰ ਦਾ ਹਿੱਸਾ ਹੈ, ਉੱਥੇ ਬਹੁਤ ਸਾਰੀਆਂ ਭਾਵਨਾਵਾਂ, ਜਜਬਾਤਾਂ ਦਾ ਸੁਮੇਲ ਹੈ। ਕਿਸੇ ਰਿਸ਼ਤੇਦਾਰ ਦਾ ਆਉਣਾ ਬਹਿ ਕੇ ਉਸ ਨਾਲ ਘੜੀ ਦੁੱਖ ਸੁੱਖ ਕਰਨਾ, ਖੁਸ਼ੀਆਂ ਸਾਂਝੀਆਂ ਕਰਨੀਆਂ ਤੇ ਦੁੱਖ ਦਾ ਭਾਰ ਹੌਲਾ ਕਰਨਾ ਜਿੰਦਗੀ ਦੀ ਤੇਜ਼ ਚੱਲਦੀ ਗੱਡੀ ਨੂੰ ਰਹਾਉ ( ਠਹਿਰਾਵ) ਦਿੰਦਾ ਹੈ। ਜਿਹੜੇ ਇਹ ਕਹਿੰਦੇ ਹਨ ਕਿ ਕਿਸੇ ਰਿਸ਼ਤੇਦਾਰ ਦਾ ਜਾਣ ਜਾਂ ਕਿਸੇ ਸਾਕ ਸੰਬੰਧੀ ਨੂੰ ਸਾਂਭਣ ਦਾ ਸਾਡੇ ਕੋਲ ਸਮਾਂ ਨਹੀਂ, ਉਹ ਗਲਤ ਹਨ, ਜਿੰਨਾ ਜਰੂਰੀ ਕੰਮਾਂ ਲਈ ਅਸੀਂ ਸਮਾਂ ਕੱਢਣਾ ਹੁੰਦਾ ਕੱਢ ਹੀ ਲੈਂਦੇ ਹਾਂ, ਗੱਲ ਸਿਰਫ਼ ਪਹਿਲ ਦੀ ਹੁੰਦੀ ਹੈ।

ਸੋ ਮੈਨੂੰ ਲੱਗਦਾ ਕਿ ਸਾਨੂੰ ਅੱਗੇ ਵੱਧਣ ਦੇ ਨਾਲ ਨਾਲ ਆਪਣੇ ਰੀਤੀ ਰਿਵਾਜ਼ਾਂ, ਸੰਸਕਾਰਾਂ ਦਾ ਅਦਬ ਕਰਨਾ ਨਹੀਂ ਭੁੱਲਣਾ ਚਾਹੀਦਾ। ਰਿਸ਼ਤਿਆਂ ਦੀ ਅਹਿਮੀਅਤ ਨੂੰ ਸਮਝਦੇ ਹੋਏ ਬਣਦਾ ਸਤਿਕਾਰ ਜਰੂਰ ਦੇਣਾ ਚਾਹੀਦਾ ਹੈ, ਇਹਨਾਂ ਨਾਲ ਹੀ ਸਾਡੀ ਸਾਂਝ ਦੀਆਂ ਤੰਦਾਂ ਹਰੀਆਂ ਭਰੀਆਂ ਰਹਿੰਦੀਆਂ ਹਨ ਅਤੇ ਸਭ ਤੋਂ ਵੱਡੀ ਗੱਲ ਕਿ ਇਸੇ ਮਿਲਵਰਤਨ ਕਰਕੇ ਸਾਨੂੰ ਸਮਾਜ ਦੇ ਪ੍ਰਾਣੀ ਹੋਣ ਦਾ ਅਹਿਸਾਸ ਹੁੰਦਾ ਰਹਿੰਦਾ ਹੈ। ਖੁਸ਼ੀਆਂ ਵੰਡਿਆ ਵੱਧਦੀਆਂ ਅਤੇ ਦੁੱਖ ਸਾਂਝੇ ਕੀਤਿਆਂ ਘੱਟਦੇ ਹਨ, ਰਿਸ਼ਤਿਆਂ ਦੀ ਬੁਨਿਆਦ ਨੂੰ ਮਜ਼ਬੂਤ ਕਰੀਏ, ਆਪਣੇ ਜੀਵਨ ਵਿੱਚ ਏਨੇ ਵੀ ਨਾ ਉੱਲਝ ਜਾਈਏ ਕਿ ਮਾਮੇ, ਮਾਸੀਆਂ, ਭੂਆਂ ਵਰਗੇ ਅਹਿਮ ਰਿਸ਼ਤਿਆਂ ਦੀਆਂ ਅਹਿਮੀਅਤ ਨੂੰ ਭੁੱਲ ਜਾਈਏ ! ਜਿਸ ਮਹਿਮਾਨ ਨਿਵਾਜੀ ਦੇ ਕਰਕੇ ਪੰਜਾਬੀ ਜਾਣੇ ਜਾਂਦੇ ਹਨ ਉਸਨੂੰ ਬਰਕਰਾਰ ਰੱਖੀਏ, ਏਸੇ ਵਿੱਚ ਬਰਕਤਾਂ ਹਨ ਪਿਆਰ ਦੀਆਂ ਤੇ ਰਿਜ਼ਕ ਦੀਆਂ।

## ਫਿਟਕਾਰ

ਬਹੁਤ ਪੁਰਾਣੀ ਗੱਲ ਹੈ। ਉਨ੍ਹੀਂ ਦਿਨੀਂ ਸਰਕਾਰੀ ਸਕੂਲਾਂ ਵਿੱਚ ਛੇ ਮਹੀਨੇ ਦੇ ਆਧਾਰ ਉੱਤੇ ਆਰਜ਼ੀ ਨਿਯੁਕਤੀ ਸਕੂਲ ਮੁਖੀ ਕਰ ਲੈਂਦੇ ਸਨ, ਪਰ ਪੱਕਾ ਟੀਚਰ ਆਉਣ ਉੱਤੇ ਆਰਜ਼ੀ ਟੀਚਰ ਹਟਾ ਦਿੱਤਾ ਜਾਂਦਾ ਸੀ। ਬਹੁਤ ਖੱਜਲ ਖੁਆਰੀ ਹੁੰਦੀ ਸੀ। ਸ਼ਾਇਦ ਮੈਂ ਇਸੇ ਕਰ ਕੇ ਮਾਨਤਾ ਪ੍ਰਾਪਤ ਸਕੂਲ ਵਿੱਚ ਟੀਚਰ ਬਣਨਾ ਪਸੰਦ ਕਰ ਲਿਆ। 19ਵੀਂ ਸਦੀ ਦੇ ਪਹਿਲੇ ਦਹਾਕੇ ਵਿੱਚ ਆਰੀਆ ਸਮਾਜੀਆਂ ਦੀ ਸਹਾਇਤਾ ਨਾਲ ਡੀ ਏ ਵੀ ਕਮੇਟੀ ਨੇ ਇਹ ਸਕੂਲ ਖੋਲ੍ਹਿਆ ਸੀ।

ਪਹਿਲੇ ਦਿਨ ਅੱਧੀ ਛੁੱਟੀ ਹੋਈ ਤਾਂ ਬਜ਼ੁਰਗ ਅਧਿਆਪਕ ਅੰਗਰੇਜ਼ੀ ਦੀ ਐੱਲ ਸ਼ਕਲ ਵਾਲੀ ਸਕੂਲ ਬਿਲਡਿੰਗ ਦੀ ਨੁੱਕਰ ਵਿੱਚ ਇੱਕ ਛੱਪਰ ਵਿੱਚ ਜਾਂਦੇ ਦੇਖ ਮੈਂ ਮਗਰ ਹੋ ਲਿਆ। ਅੰਦਰ ਦੇਖਿਆ ਤਾਂ ਚਾਰ ਬਜ਼ੁਰਗ ਟੀਚਰਾਂ ਨੇ ਆਪੋ-ਆਪਣਾ ਹੁੱਕਾ ਸੰਭਾਲ ਕੇ ਇੱਕ ਡੇਢ ਮਿੰਟ ਵਿੱਚ ਭਖਾ ਲਿਆ। ਮੈਂ ਖੜ੍ਹ ਨਾ ਸਕਿਆ, ਬਾਹਰ ਆ ਗਿਆ। ਸਕੂਲ ਕਲਰਕ ਸਾਬਕਾ ਫੌਜੀ ਅਤੇ ਮੁੱਖ ਅਧਿਆਪਕ ਦਫਤਰ ਬੈਠੇ ਸਨ, ਮੇਰੀ ਪ੍ਰੇਸ਼ਾਨੀ ਸਮਝ ਗਏ। ਮੁੱਖ ਅਧਿਆਪਕ ਨੇ ਮੈਨੂੰ ਸੱਦ ਕੇ ਆਪਣੇ ਪਾਸ ਬਿਠਾ ਕੇ ਸਕੂਲ ਲਾਗ-ਬੁੱਕ ਵਿੱਚ ਆਜ਼ਾਦੀ ਤੋਂ ਪਹਿਲਾਂ ਕਿਸੇ ਅਫਸਰ ਦੀ ਟਿੱਪਣੀ ਪੜ੍ਹਾਈ। ਹੋਰ ਗੱਲਾਂ ਤੋਂ ਇਲਾਵਾ ਟਿੱਪਣੀ ਸੀ: “ਸਕੂਲ ਵਿੱਚ ਹੁੱਕਾ ਪੀਣ ਵਾਲਿਆਂ ਦਾ ਘੁਰਨਾ ਵੀ ਹੈ।”

ਖ਼ੈਰ! ਬਜ਼ੁਰਗ ਟੀਚਰ ਇਨਸਾਨ ਵੀ ਵਧੀਆ ਸਨ ਅਤੇ ਟੀਚਰ ਵੀ ਖੂਬ ਸਨ, ਉਨ੍ਹਾਂ ਮੇਰਾ ਦਿਲ ਮੋਹ ਲਿਆ। ਮੈਂ ਉਨ੍ਹਾਂ ਵਿੱਚ ਬੈਠਣ ਲੱਗ ਪਿਆ। ਕੁਝ ਦਿਨਾਂ ਵਿੱਚ ਹੀ ਚਾਰ ਹੁੱਕਿਆਂ ਦਾ ਧੂੰਆਂ ਬਰਦਾਸ਼ਤ ਕਰਨ ਦੀ ਸਮਰੱਥਾ ਆ ਗਈ। ਸਾਰਾ ਸਟਾਫ ਮੈਨੂੰ ਇਸ ਕਰ ਕੇ ਵੀ ਪਿਆਰ ਕਰਦਾ ਸੀ ਕਿ ਸਰਦਾਰ ਹੋ ਕੇ ਵੀ ਮੈਂ ਸ਼ਰਾਬ ਨਹੀਂ ਸੀ ਪੀਂਦਾ। ਸ਼ਰਾਬ ਨਾ ਪੀਣ ਵਾਲਿਆਂ ਨੂੰ ਉਦੋਂ ਚੰਗਾ ਸਮਝਿਆ ਜਾਂਦਾ ਸੀ। ਉਂਝ ਸ਼ਰਾਬ ਤੇ ਸ਼ਰਾਬੀਆਂ ਨਾਲ ਮੈਨੂੰ ਕਦੇ ਨਫਰਤ ਨਹੀਂ ਹੋਈ, ਦੇਸੀ ਸ਼ਰਾਬ ਦੀ ਗੰਧ ਵੀ ਮੈਨੂੰ ਤੰਗ ਨਹੀਂ ਕਰਦੀ। ਹੁੱਕੇ ਤੇ ਸਿਗਰਟ ਦੇ ਧੂੰਏਂ ਨੂੰ ਵੀ ਸਹਿਜੇ ਹੀ ਸਹਾਰਨਾ ਸਿਖਾ ਦਿੱਤਾ। ਸਕੂਲ ਦੇ ਸ਼ਾਸਤਰੀ ਜੀ ਸਿਗਰਟ ਪੀਂਦੇ ਸਨ ਤੇ ਪੀਰੀਆਡ ਲਾਉਣ ਤੋਂਪਹਿਲਾਂ ਲੈਂਪ ਬ੍ਰਾਂਡ ਸਿਗਰਟ ਪੀ ਕੇ ਜਾਂਦੇ ਸਨ। ਸੰਸਕ੍ਰਿਤ ਵਿੱਚ ਦਾਰਸ਼ਨਿਕ ਅਰਥਾਂ ਵਾਲੇ ਸਲੋਕ ਅਰਥਾਂ ਸਮੇਤ ਮੈਨੂੰ ਸੁਣਾਉਣ ਵਿੱਚ ਉਹ ਖਾਸ ਮਜ਼ਾ ਲੈਂਦੇ ਸਨ, ਮੈਨੂੰ ਅਜਿਹੇ ਸਲੋਕਾਂ ਵਿੱਚ ਰੁਚੀ ਸੀ।

ਮੇਰਾ ਸਕੂਲ ਅਜਿਹੇ ਪਿੰਡ ਵਿੱਚ ਸੀ ਜਿੱਥੇ ਬ੍ਰਾਹਮਣਾਂ, ਖੱਤਰੀਆਂ ਦੀ ਆਬਾਦੀ ਚੋਖੀ ਸੀ। ਮੇਰਾ ਸ਼ਰਾਬ ਨਾ ਪੀਣਾ ਉਨ੍ਹਾਂ ਨੂੰ ਕੁਝ ਜ਼ਿਆਦਾ ਚੰਗਾ ਲੱਗਦਾ ਸੀ। ਇਸ ਬਦਲੇ ਮਿਲਦਾ ਪਿਆਰ ਸਤਿਕਾਰ ਮੇਰੇ ਸ਼ਰਾਬ ਨਾ ਪੀਣ ਦੇ ਫੈਸਲੇ ਨੂੰ ਹੋਰ ਮਜ਼ਬੂਤੀ ਦਿੰਦਾ। ਕਈ ਵਾਰੀ ਕਈਆਂ ਨੇ ਆਪਣੀ ਸੰਗਤ ਦੀ ਰੌਣਕ ਵਧਾਉਣ ਲਈ ਬਹੁਤ ਯਤਨ ਕੀਤੇ, ਪਰ ਮੈਂ ਥਿੜਕਿਆ ਨਹੀਂ। ਸਮਾਜਵਾਦੀ ਸਾਹਿਤ ਪੜ੍ਹਨ ਅਤੇ ਖੱਬਿਆਂ ਦੀਆਂ ਸਰਗਰਮੀਆਂ ਵਿੱਚ ਮੇਰੀ ਵਧੀ ਰੁਚੀ ਅਤੇ ਮੇਰਾ ਸ਼ਰਾਬ ਨਾ ਪੀਣਾ ਉਨ੍ਹਾਂ ਦਾਇਰਿਆਂ ਵਿੱਚ ਵੀ ਪਸੰਦ ਕਰਨਾ, ਮੇਰੇ ਫੈਸਲੇ ਨੂੰ ਹੋਰ ਮਜ਼ਬੂਤੀ ਦਿੰਦਾ ਸੀ। ਸ਼ਰਾਬ ਨਾ ਪੀਣ ਕਰ ਕੇ ਇਨ੍ਹਾਂ ਕਾਰਜਾਂ ਲਈ ਸਮਾਂ ਵੀ ਵਾਧੂ ਬਚ ਜਾਂਦਾ ਸੀ।

ਮੇਰੇ ਰਾਹ ਵਿੱਚ ਇੱਕ ਹੋਰ ਪ੍ਰਾਈਵੇਟ ਸਕੂਲ ਪੈਂਦਾ ਸੀ, ਉਸ ਸਟਾਫ ਨਾਲ ਵੀ ਮੇਰਾ ਬਹੁਤ ਪਿਆਰ ਸੀ। ਕੁਝ ਨਾਲ ਛੁੱਟੀ ਪਿੱਛੋਂ ਰੋਜ਼ ਬੈਠਣ-ਉਠਣ ਸੀ। ਦੀਵਾਲੀ ਤੋਂ ਵਿਸਾਖੀ ਤੱਕ ਸਾਡੀਆਂ ਬੈਠਕਾਂ ਜਲੇਬੀਆਂ ਖਾ ਕੇ ਹੀ ਉਠਦੀਆਂ ਸਨ। ਉਨ੍ਹਾਂ ਦੇ ਵਿਦਿਆਰਥੀ ਵੀ ਮੈਨੂੰ ਜਾਣਦੇ ਸਨ। ਇੱਕ ਦਿਨ ਉਨ੍ਹਾਂ ਦੇ ਇੱਕ ਪੁਰਾਣੇ ਵਿਦਿਆਰਥੀ ਨੇ ਮੈਨੂੰ ਸਾਈਕਲ ਉਤੇ ਸਕੂਲ ਜਾਂਦੇ ਨੂੰ ਰਾਹ ਵਿੱਚ ਰੋਕਿਆ ਅਤੇ ਛੁੱਟੀ ਮਗਰੋਂ ਇਸ ਰਾਹ ਵਾਲੇ ਸਕੂਲ ਦੇ ਇੱਕ ਟੀਚਰ ਦੇ ਕਮਰੇ ਵਿੱਚ ਆਉਣ ਲਈ ਕਿਹਾ। ਇਹ ਟੀਚਰ ਬਾਹਰਲੇ ਜ਼ਿਲੇ ਦਾ ਸੀ, ਸਕੂਲ ਨਜ਼ਦੀਕ ਕਿਰਾਏ ਦੇ ਕਮਰੇ ਵਿੱਚ ਰਹਿੰਦਾ ਸੀ। ਇਸ ਵਿਦਿਆਰਥੀ ਨੇ ਫੌਜ ਵਿੱਚ ਕਮਿਸ਼ਨ ਹਾਸਲ ਕਰਨ ਦੀ ਖੁਸ਼ੀ ਮਨਾਉਣ ਲਈ ਖਾਣ-ਪੀਣ ਕਰਨਾ ਸੀ। ਉਹ ਟੀਚਰ ਅਤੇ ਮੇਰਾ ਇੱਕ ਹੋਰ ਮਿੱਤਰ ਇਸ ਪਾਰਟੀ ਦੇ ਦਾਅਵਤੀ ਸਨ। ਮੈਂ ਆਪਣੇ ਸਕੂਲ ਵਿੱਚ ਇਨ੍ਹਾਂ ਖਿਆਲਾਂ ਵਿੱਚ ਵਾਰ-ਵਾਰ ਉਲਝਦਾ, “ਅੱਜ ਹੀ ਪੀਣੀ, ਕਿਹੜਾ ਕਿਸੇ ਨੂੰ ਪਤਾ ਲੱਗਣਾ! ਮਿੱਤਰਾਂ ਨੇ ਕਿਸੇ ਨੂੰ ਦੱਸਣਾ ਨਹੀਂ ਤੇ ਪਿਲਾਉਣ ਵਾਲੇ ਨੇ ਫੌਜ ਵਿੱਚ ਚਲੇ ਜਾਣਾ। ਫਿਰ ਨਹੀਂ ਪੀਊਂਗਾ, ਬਣਿਆ, ਪੱਕਿਆ ਅਸੂਲ ਭੰਗ ਨਹੀਂ ਕਰਨਾ ਚਾਹੀਦਾ।” ਵਗੈਰਾ ਵਗੈਰਾ।

ਆਖਿਰ ਸਾਈਕਲ ਉਤੇ ਵਾਪਸੀ ਸਫਰ ਦੌਰਾਨ ਮੈਂ ਸ਼ਰਾਬ ਪੀਣ ਦਾ ਮਨ ਬਣਾ ਲਿਆ। ਕਮਰੇ ਵਿੱਚ ਉਹ ਟੀਚਰ ਤੇ ਮੇਰਾ ਇੱਕ ਦੋਸਤ ਬੈਠੇ ਸਨ। ਕਮਰੇ ਵਿੱਚ ਰਹਿਣ ਵਾਲਾ ਟੀਚਰ ਉਥੇ ਨਹੀਂ ਸੀ। ਪੰਜ ਕੁ ਮਿੰਟ ਬਾਅਦ ਉਹ ਵੀ ਆ ਗਿਆ। ਕਮਰੇ ਦੀ ਇੱਕ ਨੁੱਕਰੇ ਬਾਲਟੀ ਵਿਚ ਬਰਫ ਅਤੇ ਬੋਤਲ ਰੱਖ ਕੇ ਉਸ ਲੜਕੇ ਨੂੰ ਮੇਰੇ ਵੱਲ ਇਸ਼ਾਰਾ ਕਰ ਕੇ ਕਹਿਣ ਲੱਗਾ, “ਪਤੰਦਰਾ, ਇਹਨੂੰ ਕੋਕਾ ਕੋਲਾ ਦੀ ਬੋਤਲ ਲੈ ਆਉਂਦਾ। ਇਹਦੇ ਇਹ (ਸ਼ਰਾਬ) ਕਿਸ ਕੰਮ? ਇਹਨੇ ਇਹ ਕਿਤੇ ਪੀਣੀ ਐ?” ਲੜਕਾ ਕੋਕਾਕੋਲਾ ਲਿਆਉਣ ਚਲਾ ਗਿਆ।

ਮਨ ਅੰਦਰ ਤੂਫਾਨ ਜਿਹਾ ਉਠਿਆ, “ਸ਼ਰਾਬ ਨਾ ਪੀਣ ਦਾ ਅਸੂਲ ਮੇਰਾ ਸੀ ਅਤੇ ਇਸ ਦੀ ਰਾਖੀ ਮੇਰੀ ਥਾਂ ਕੋਈ ਹੋਰ ਕਰ ਰਿਹਾ ਸੀ।”

ਮੈਂ ਚੁੱਪ, ਅੰਦਰੋਂ-ਅੰਦਰ ਖੁਦ ਨੂੰ ਫਿਟਕਾਰ ਪਾ ਰਿਹਾ ਸੀ, ਪਰ ਸਬਕ ਪੱਕਾ ਕਰ ਰਿਹਾ ਸੀ ਕਿ ਜੇ ਤੁਸੀਂ ਕੋਈ ਅਸੂਲ ਬਣਾ ਲਓ ਤਾਂ ਲੋਕ ਹੀ ਤੁਹਾਡੇ ਅਸੂਲ ਦੀ ਰਾਖੀ ਕਰਨ ਲੱਗ ਪੈਂਦੇ ਹਨ।

*-ਸੁੱਚਾ ਸਿੰਘ ਖੱਟੜਾ*

## ਸ਼ਹੀਦੀ ਦਿਵਸ ਉਤੇ ਛੁੱਟੀ ਦਾ ਵਿਰੋਧ ਕਰਨ ਉਤੇ ਮਾਨ ਵੱਲੋਂ ਰਾਜਾ ਵੜਿੰਗ ਦੀ ਆਲੋਚਨਾ



ਚੰਡੀਗੜ੍ਹ, 23 ਮਾਰਚ (ਪੋਸਟ ਬਿਊਰੋ)- ਪੰਜਾਬ ਦੀ16ਵੀਂ ਵਿਧਾਨ ਸਭਾ ਦੇ ਪਹਿਲੇ ਸੈਸ਼ਨ ਦੇ ਤੀਸਰੇ ਦਿਨ ਕਾਂਗਰਸ ਪਾਰਟੀ ਉੱਤੇ ਨਿਸ਼ਾਨਾ ਲਾਉਂਦੇ ਹੋਏ ਸਦਨ ਦੇ ਨੇਤਾ ਅਤੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਕੱਲ੍ਹ ਸ਼ਹੀਦ-ਏ-ਆਜ਼ਮ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਸ਼ਰਧਾਂਜਲੀ ਵਜੋਂ ਇਨ੍ਹਾਂ ਮਹਾਨ ਸ਼ਹੀਦਾਂ ਦੇ ਸ਼ਹੀਦੀ ਦਿਵਸ ਉੱਤੇ 23 ਮਾਰਚ ਨੂੰ ਛੁੱਟੀ ਦਾ ਐਲਾਨ ਕੀਤਾ ਤਾਂ ਗਿੱਦੜਬਾਹਾ ਤੋਂ ਕਾਂਗਰਸ ਦੇ ਵਿਧਾਇਕ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਸ਼ਹੀਦੀ ਦਿਵਸ ਉੱਤੇ ਛੁੱਟੀ ਦਾ ਐਲਾਨ ਕਰਨ ਦੀ ਥਾਂ ਸਾਰੇ ਸਕੂਲ-ਕਾਲਜ ਖੁੱਲ੍ਹੇ ਰੱਖਣ ਦੀ ਮੰਗ ਕਰ ਦਿੱਤੀ। ਇਸ ਦੇ ਜਵਾਬ ਵਿੱਚ ਭਗਵੰਤ ਮਾਨ ਨੇ ਕਿਹਾ ਕਿ ਇਹ ਛੁੱਟੀ ਇਨ੍ਹਾਂ ਸ਼ਹੀਦਾਂ ਨੂੰ ਸ਼ਰਧਾਂਜਲੀ ਵਾਸਤੇ ਐਲਾਨੀ ਗਈ ਹੈ।

ਭਗਵੰਤ ਮਾਨ ਨੇ ਕਿਹਾ ਕਿ ਪਹਿਲਾਂ ਇਹ ਛੁੱਟੀ ਸਥਾਨਕ ਤੌਰ ਉੱਤੇ ਸਿਰਫ ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ ਵਿੱਚ ਐਲਾਨੀ ਜਾਂਦੀ ਸੀ, ਤਾਂ ਕਿ ਉਸ ਇਲਾਕੇ ਦੇ ਲੋਕ ਉਨ੍ਹਾਂ ਦੇ ਜੱਦੀ ਪਿੰਡ ਖਟਕੜ ਕਲਾਂ ਵਿੱਚ ਸ਼ਹੀਦੀ ਯਾਦਗਾਰਜਾ ਕੇ ਸ਼ਰਧਾਂਜਲੀ ਭੇਂਟ ਕਰ ਸਕਣ। ਸਾਡੀ ਸਰਕਾਰ ਨੇ ਸੂਬੇ ਭਰ ਵਿੱਚ ਇਸ ਦਿਨ ਗਜ਼ਟਿਡ ਛੁੱਟੀ ਐਲਾਨਣ ਦਾ ਫੈਸਲਾ ਕੀਤਾ ਹੈ, ਜਿਸ ਤੋਂ ਵਿਦਿਆਰਥੀਆਂ ਅਤੇ ਅਧਿਆਪਕਾਂ ਸਮੇਤ ਵੱਧ ਤੋਂ ਵੱਧ ਗਿਣਤੀ ਵਿੱਚ ਲੋਕ ਖਟਕੜ ਕਲਾਂ ਅਤੇ ਹੁਸੈਨੀਵਾਲਾ ਜਾ ਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰ ਸਕਣ। ਉਨ੍ਹਾਂ ਨੇ ਵਿਅੰਗ ਕੱਸਦੇ ਹੋਏ ਰਾਜ ਵੜਿੰਗ ਤੋਂ ਪੁੱਛਿਆ ਕਿ ਭਗਤ ਸਿੰਘ ਦਾ ਜਨਮ ਦਿਨ ਕਦੋਂ ਹੁੰਦਾਹੈ, ਵੜਿੰਗ ਇਸ ਦਾ ਜਵਾਬ ਨਹੀਂ ਦੇ ਸਕੇ ਤਾਂ ਮਾਨ ਨੇ ਕਿਹਾ: 'ਕਮਾਲ ਹੈ ਯਾਰ, ਤੁਹਾਨੂੰ ਇੰਨਾ ਵੀ ਨਹੀਂ ਪਤਾ'। ਮਾਨ ਨੇ ਵੜਿੰਗ ਦਾ ਮਜ਼ਾਕ ਉਡਾਇਆ ਅਤੇ ਸਦਨ ਵਿੱਚ ਠਹਾਕੇ ਗੂੰਜ ਪਏ।

## ਗੁਰਦੁਆਰੇਦੀ ਬਣ ਦੀ ਇਮਾਰਤ ਡਿੱਗਣ ਨਾਲ 2 ਮੌਤਾਂ



ਤਰਨਤਾਰਨ, 23 ਮਾਰਚ (ਪੋਸਟ ਬਿਊਰੋ)- ਇਸ ਜ਼ਿਲ੍ਹੇ ਦੇ ਕਸਬਾ ਚੋਹਲਾ ਸਾਹਿਬ ਵਿਖੇ ਗੁਰਦੁਆਰਾ ਸਾਹਿਬ ਅਧੀਨ ਕਮਰੇ ਦੀ ਚੱਲ ਰਹੀ ਉਸਾਰੀ ਦੌਰਾਨ ਪਾਏ ਜਾ ਰਹੇ ਲੈਂਟਰ ਹੇਠਾਂ ਆਉਣ ਕਾਰਨ ਦੋ ਵਿਅਕਤੀਆਂ ਦੀ ਮੌਤ ਹੋਣ ਅਤੇ ਦੋ ਦੇ ਗੰਭੀਰ ਜ਼ਖ਼ਮੀ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ।

ਪਤਾ ਲੱਗਾ ਹੈ ਕਿ ਚੋਹਲਾ ਸਾਹਿਬ ਵਿਖੇ ਗੁਰਦੁਆਰਾ ਦੁੱਖ ਨਿਵਾਰਨ ਸਾਹਿਬ ਅੰਦਰ ਇੱਕ ਕਮਰੇ ਦੀ ਉਸਾਰੀ ਦੌਰਾਨ ਕੱਲ੍ਹ ਦੁਪਹਿਰੇਲੈਂਟਰ ਪਾਇਆ ਜਾ ਰਿਹਾ ਸੀ, ਜਿਸ ਵਿੱਚ ਵੱਖ-ਵੱਖ ਪਿੰਡਾਂ ਤੋਂ ਆਈ ਸੰਗਤ ਸੇਵਾ ਕਰ ਰਹੀ ਸੀ। ਜਦੋਂ ਲੈਂਟਰ ਪਾਉਣ ਦਾ ਕੰਮ ਮਸ਼ੀਨ ਰਾਹੀਂ ਸ਼ੁਰੂ ਕੀਤਾ ਤਾਂ ਲੋਹੇ ਦੀਆਂ ਪਲੇਟਾਂ ਹੇਠਾਂ ਲਾਈਆਂ ਵੱਡੀਆਂਬੱਲੀਆਂ ਦੇ ਅਚਾਨਕ ਖਿਸਕ ਜਾਣ ਨਾਲ ਲੈਂਟਰ ਹੇਠਾਂ ਆ ਡਿੱਗਾ, ਜਿਸ ਹੇਠਾਂ ਚਾਰ ਲੋਕ ਦੱਬੇ ਗਏ। ਸੰਗਤ ਨੇ ਭਾਰੀ ਮੁਸ਼ੱਕਤ ਤੋਂ ਬਾਅਦ ਮਲਬੇ ਹੇਠਾਂ ਫਸੇ ਵਿਅਕਤੀਆਂ ਨੂੰ ਬਾਹਰ ਕੱਢ ਕੇਸਰਕਾਰੀ ਹਸਪਤਾਲ ਸਰਹਾਲੀ ਪਹੁੰਚਾਇਆ। ਲੈਂਟਰ ਹੇਠਾਂ ਆਏ ਗੁਰਮੇਜ ਸਿੰਘ (60) ਤੇ ਸਾਹਿਬ ਸਿੰਘ (40) ਦੋਵੇਂ ਵਾਸੀ ਚੋਹਲਾ ਸਾਹਿਬ ਦੀ ਮੌਤ ਹੋ ਗਈ, ਜਦਕਿ ਕਰਨਬੀਰ ਸਿੰਘ ਪੁੱਤਰ ਕੁਲਦੀਪ ਸਿੰਘ ਅਤੇ ਮੰਗਲ ਸਿੰਘ ਵਾਸੀ ਚੋਹਲਾ ਸਾਹਿਬ ਗੰਭੀਰ ਜ਼ਖ਼ਮੀ ਹੋ ਗਏ।

## ਆਗਰੇ ਦੀ ਕੰਪਨੀ ਪਾਵਰਕਾਮ ਦੇ ਬਿਜਲੀ ਮੀਟਰਾਂ ਦੀ ਸਪਾਟ ਬਿਲਿੰਗ ਕਰੇਗੀ

ਜਲੰਧਰ, 23 ਮਾਰਚ (ਪੋਸਟ ਬਿਊਰੋ)- ਪੰਜਾਬ ਦੀ ਬਿਜਲੀ ਕਾਰਪੋਰੇਸ਼ਨ (ਪਾਵਰਕਾਮ) ਨੇ ਪੁਰਾਣੀ ਕੰਪਨੀ ਦੇ ਨਾਲ ਸਮਝੌਤਾ ਖਤਮ ਕਰਕੇ ਬਿਜਲੀ ਬਿੱਲਾਂ ਦੀ ਸਪਾਟ ਬਿਲਿੰਗ ਦਾ ਠੇਕਾ 1 ਅਪ੍ਰੈਲ ਤੋਂ ਆਗਰੇ ਦੀ ਕੰਪਨੀ ਨੂੰ ਦੇ ਦਿੱਤਾ ਹੈ। ਇਸ ਪਿੱਛੋਂ ਉਪਭੋਗਤਾਵਾਂ ਨੂੰ ਨਵੀਂ ਕੰਪਨੀ ਦੀਆਂ ਸੇਵਾਵਾਂ ਨਾਲ ਬਿਜਲੀ ਦੇ ਬਿੱਲ ਪ੍ਰਾਪਤ ਹੋਣਗੇ।

ਇਸ ਸਬੰਧ ਵਿੱਚ ਠੇਕਾ ਲੈਣ ਵਾਲੀ ਆਗਰੇ ਦੀ 'ਇਵੈਰਟਿਵ ਸਾਫਟਵੇਅਰ ਸੈਲਊਸ਼ਨ' ਕੰਪਨੀ ਦੇ ਅਧਿਕਾਰੀਆਂ ਨੂੰ ਕੱਲ੍ਹ ਪਾਵਰਕਾਮ ਦੇ ਇੰਫੋਸਰਮੈਂਟ ਵਿੰਗ ਨੇ ਮੀਟਿੰਗ ਲਈ ਬੁਲਾਇਆ ਸੀ।ਡਿਪਟੀ ਚੀਫ ਇੰਫੋਸਰਮੈਂਟ ਇੰਜੀਨੀਅਰ ਦੀ ਅਗਵਾਈ ਵਿੱਚ ਹੋਈ ਬੈਠਕ ਵਿੱਚ ਉਨ੍ਹਾ ਨੇ ਦੋ-ਟੁਕ ਹਿਦਾਇਤਾਂ ਨਾਲ ਕਿਹਾ ਕਿ ਕਾਂਟ੍ਰੈਕਟ ਆਫ ਐਗਰੀਮੈਂਟ ਦੀਆਂ ਸਭ ਧਾਰਾਵਾਂ ਦਾ ਸਖ਼ਤੀ ਨਾਲ ਪਾਲਣ ਹੋਣਾ ਚਾਹੀਦਾ ਹੈ। ਸਪਾਟ ਬਿਲਿੰਗ ਕਰਨ ਵਾਲਿਆਂ ਅਤੇ ਸੈਟਿੰਗ ਕਰਕੇ ਘੱਟ ਰੀਡਿੰਗ ਦਾ ਬਿੱਲ ਬਣਾਇਆ ਤਾਂ ਕੰਪਨੀ ਉੱਤੇ ਐਕਸ਼ਨ ਲਿਆ ਜਾਵੇਗਾ ਅਤੇ ਜੁਰਮਾਨਾ ਲਾਉਣ ਦੇ ਨਾਲ-ਨਾਲ ਬਣਦੀ ਕਾਰਵਾਈ ਕੀਤੀ ਜਾਵੇਗੀ। ਇਸ ਮੌਕੇ ਖਾਸਤੌਰ ਉੱਤੇ ਕਿਹਾ ਗਿਆ ਹੈ ਕਿ ਪਾਵਰਕਾਮ ਵੱਲੋਂ ਮਿਥੇ ਨਿਯਮਾਂ ਮੁਤਾ-ਬਕ ਮੀਟਰ ਰੀਡਰਾਂ ਅਤੇ ਸੁਪਰਵਾਈਜ਼ਰਾਂ ਦੀ ਭਰਤੀ ਕੀਤੀ ਜਾਵੇ, ਘੱਟ ਯੋਗਤਾ ਵਾਲੇ ਠੇਕਾ, ਕਰਮਚਾਰੀਆਂ ਤੋਂ ਕੰਮ ਲੈਣਾ ਸਵੀਕਾਰ ਨਹੀਂ ਕੀਤਾ ਜਾਵੇਗਾ।

## ਸਿਵਲ ਹਸਪਤਾਲ ਮੋਗਾ ਲਗਾਏ ਖ਼ੂਨਦਾਨ ਕੈਂਪ ਵਿੱਚ 62 ਯੂਨਿਟ ਕੀਤਾ ਖ਼ੂਨਦਾਨ

*ਸਰਬੱਤ ਦਾ ਭਲਾ ਮੋਗਾ ਦੇ ਪ੍ਰਧਾਨ ਮਹਿੰਦਰ ਪਾਲ ਲੂੰਬਾ ਨੇ 53ਵੀਂ ਵਾਰ ਕੀਤਾ ਖ਼ੂਨਦਾਨ




ਮੋਗਾ 23 ਮਾਰਚ (ਗਿਆਨ ਸਿੰਘ)- ਸ਼ਹੀਦਾਂ ਨੇ ਆਪਣੇ ਖ਼ੂਨ ਨਾਲ ਸਿੰਜ ਕੇ ਆਜਾਦੀ ਦੇ ਪੌਦੇ ਨੂੰ ਜਵਾਨ ਕੀਤਾ ਹੈ, ਜਿਸ ਦੀ ਠੰਡੀ ਛਾਂ ਦਾ ਅਸੀਂ ਅੱਜ ਆਨੰਦ ਮਾਣ ਰਹੇ ਹਾਂ। ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੇ ਬਹੁਤ ਛੋਟੀ ਉਮਰ ਵਿੱਚ ਦੇਸ਼ ਨੂੰ ਅਜਾਦ ਕਰਵਾਉਣ ਲਈ ਸ਼ਹੀਦੀਆਂ ਪ੍ਰਾਪਤ ਕੀਤੀਆਂ ਸਨ। ਸਾਨੂੰ ਇਹ ਦੇਖ ਕੇ ਬੜੀ ਖੁਸ਼ੀ ਹੋ ਰਹੀ ਹੈ ਕਿ ਅੱਜ ਦੀ ਨੌਜਵਾਨ ਪੀੜ੍ਹੀ ਉਨ੍ਹਾਂ ਨੂੰ ਆਪਣਾ ਆਦਰਸ਼ ਮੰਨ ਕੇ ਵੱਡੀ ਪੱਧਰ ਤੇ ਖ਼ੂਨਦਾਨ ਕਰਕੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਂਟ ਕਰ ਰਹੇ ਹਨ। ਮੇਰੇ ਖਿਆਲ ਮੁਤਾਬਕ ਸ਼ਹੀਦਾਂ ਨੂੰ ਯਾਦ ਕਰਨ ਅਤੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕਰਨ ਦਾ ਇਸ ਤੋਂ ਵਧੀਆ ਤਰੀਕਾ ਨਹੀਂ ਹੋ ਸਕਦਾ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਜਿਲ੍ਹਾ ਮੋਗਾ ਦੇ ਪ੍ਰਧਾਨ ਹਰਮਨ ਸਿੰਘ ਬਰਾੜ ਨੇ ਅੱਜ ਸਿਵਲ ਹਸਪਤਾਲ ਮੋਗਾ ਵਿਖੇ ਜਿਲ੍ਹਾ ਐਨ ਜੀ ਓ ਕੋਆਰਡੀਨੇਸ਼ਨ ਕਮੇਟੀ ਮੋਗਾ ਵੱਲੋਂ ਲਗਾਏ ਗਏ ਖ਼ੂਨਦਾਨ ਕੈਂਪ ਦਾ ਉਦਘਾਟਨ ਕਰਨ ਮੌਕੇ ਕੀਤਾ। ਉਦਘਾਟਨ ਉਪਰੰਤ ਸ਼ਹੀਦ ਦੀ ਤਸਵੀਰ ਤੇ ਫੁੱਲ ਚੜ੍ਹਾ ਕੇ ਸ਼ਰਧਾਂਜਲੀ ਭੇਂਟ ਕੀਤੀ ਅਤੇ ਖ਼ੂਨਦਾਨੀਆਂ ਦੀ ਹੌਸਲਾ ਅਫਜਾਈ ਕਰਦਿਆਂ ਵੱਧ ਤੋਂ ਵੱਧ ਖ਼ੂਨਦਾਨ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਐਨ ਜੀ ਓ ਕੋਆਰਡੀਨੇਸ਼ਨ ਕਮੇਟੀ ਦੇ ਜਿਲ੍ਹਾ ਕੋਆਰਡੀਨੇਟਰ ਦਰਸ਼ਨ ਸਿੰਘ ਵਿਰਦੀ ਨੇ ਦੱਸਿਆ ਕਿ ਮੋਗਾ ਜਿਲ੍ਹੇ ਦੀਆਂ ਸਮੂਹ ਸ਼ਹਿਰੀ ਅਤੇ ਪੇਂਡੂ ਸੰਸਥਾਵਾਂ ਵੱਲੋਂ ਕੁੱਝ ਦਿਨ ਪਹਿਲਾਂ ਹੀ ਕੋਆਰਡੀਨੇਸ਼ਨ ਕਮੇਟੀ ਦਾ ਗਠਨ ਕੀਤਾ ਹੈ ਤੇ ਇਹ ਕਮੇਟੀ ਵੱਲੋਂ ਪਹਿਲੀ ਸਮਾਜ ਸੇਵੀ ਗਤੀਵਿਧੀ ਹੈ।

ਇਸ ਮੌਕੇ ਸਰਬੱਤ ਦਾ ਭਲਾ ਮੋਗਾ ਦੇ ਪ੍ਰਧਾਨ ਮਹਿੰਦਰ ਪਾਲ ਲੂੰਬਾ ਨੇ 53ਵੀਂ ਵਾਰ ਖ਼ੂਨਦਾਨ ਕਰਨ ਉਪਰੰਤ ਨੌਜਵਾਨਾਂ ਨੂੰ ਖ਼ੂਨਦਾਨ ਪ੍ਰਤੀ ਪ੍ਰੇਰਿਤ ਕਰਦਿਆਂ ਕਿਹਾ ਕਿ ਖ਼ੂਨਦਾਨ ਕਰਨ ਨਾਲ ਸਰੀਰ ਵਿਚ ਕੋਈ ਕਮਜ਼ੋਰੀ ਨਹੀਂ ਆਉਂਦੀ ਬਲਕਿ ਸਰੀਰ ਪਹਿਲਾਂ ਨਾਲੋਂ ਚੁਸਤ ਅਤੇ ਤੰਦਰੁਸਤ ਰਹਿੰਦਾ ਹੈ। ਸਾਂਝ ਕੇਂਦਰ ਮੋਗਾ ਦੇ ਕਰਮਚਾਰੀਆਂ ਨੇ ਸਬ ਇੰਸਪੈਕਟਰ ਹਰਜੀਤ ਕੌਰ ਦੀ ਅਗਵਾਈ ਵਿੱਚ ਖ਼ੂਨਦਾਨ ਕੀਤਾ। ਕੈਂਪ ਵਿੱਚ ਕੁੱਲ੍ਹ 62 ਯੂਨਿਟ ਖ਼ੂਨਦਾਨ ਹੋਇਆ। ਇਸ ਮੌਕੇ ਖ਼ੂਨਦਾਨੀਆਂ ਲਈ ਰਿਫਰੈਸ਼ਮੈਂਟ ਦਾ ਪ੍ਰਬੰਧ ਵੀ ਕੀਤਾ ਗਿਆ। ਇਸ ਕੈਂਪ ਵਿੱਚ ਉਕਤ ਤੋਂ ਇਲਾਵਾ ਐਸ ਐਮ ਓ ਡਾ ਸੁਖਪ੍ਰੀਤ ਬਰਾੜ, ਬਲੱਡ ਬੈਂਕ ਇੰਚਾਰਜ ਡਾ ਸੁਮੀ ਗੁਪਤਾ, ਸਟੀਫਨ ਸਿੱਧੂ, ਆਮ ਆਦਮੀ ਪਾਰਟੀ ਦੇ ਜਿਲ੍ਹਾ ਸਕੱਤਰ ਦੀਪਕ ਅਰੋੜਾ ਸਮਾਲਸਰ, ਡਾ ਬਲਰਾਜ ਸਿੰਘ ਰਾਜੂ, ਰਾਕੇਸ਼ ਬਿੱਟਾ, ਕੌਂਸਲਰ ਗੁਰਪ੍ਰੀਤ ਸਚਦੇਵਾ, ਬਲਜੀਤ ਸਿੰਘ ਚਾਨੀ, ਐਡਵੋਕੇਟ ਦਿਨੇਸ਼ ਗਰਗ, ਡਾ ਸਰਬਜੀਤ ਕੌਰ ਬਰਾੜ, ਜਸਵਿੰਦਰ ਸਿੰਘ ਰਖਰਾ, ਜਸਵੰਤ ਪੁਰਾਣੇਵਾਲਾ, ਭਵਨਦੀਪ ਸਿੰਘ ਪੁਰਬਾ, ਜਗਮੋਹਨ ਜੱਗਾ ਮਹਿਰੋਂ, ਲੱਕੀ ਗਿੱਲ, ਡਾ ਜਸਵੰਤ ਸਿੰਘ ਧਰਮਕੋਟ, ਰੇਸ਼ਮ ਸਿੰਘ ਜੀਤਾ ਸਿੰਘ ਵਾਲਾ, ਕੰਵਲਜੀਤ ਮਹੇਸਰੀ, ਪ੍ਰਿਆਵਰਤ ਗੁਪਤਾ, ਹਾਕਮ ਸਿੰਘ, ਗੁਰਨਾਮ ਸਿੰਘ ਗਾਮਾ, ਕਪਿਲ ਭਾਰਤੀ, ਅਕਬਰ ਚੜਿੱਕ, ਬਲਜਿੰਦਰ ਸਿੰਘ ਝੰਡੇਵਾਲਾ ਅਤੇ ਡਾ ਜਸਵਿੰਦਰ ਸ਼ਰਮਾ ਆਦਿ ਮੌਜੂਦ ਸਨ।

## ਵਿਆਹੁਤਾ ਦੀ ਖ਼ੁਦਕੁਸ਼ੀ ਦੇ ਕੇਸ ਵਿੱਚ ਪਤੀ ਗ੍ਰਿਫਤਾਰ

ਕਪੂਰਥਲਾ, 23 ਮਾਰਚ (ਪੋਸਟ ਬਿਊਰੋ)- ਥਾਣਾ ਸਿਟੀ ਹੇਠਲੀ ਨਾਮਦੇਵ ਕਾਲੋਨੀ ਦੀ ਵਾਸੀ 19 ਸਾਲਾ ਵਿਆਹੁਤਾ ਅਮਨਪ੍ਰੀਤ ਕੌਰ ਨੇ ਕੱਲ੍ਹ ਸ਼ਾਮ ਘਰ ਵਿੱਚ ਪੱਖੇ ਦੀ ਹੁਕ ਨਾਲ ਚੁੰਨੀ ਦੀ ਸਹਾਇਤਾ ਨਾਲ ਫਾਂਸੀ ਲਾ ਕੇ ਜਾਨ ਦੇ ਦਿੱਤੀ। ਥਾਣਾ ਸਿਟੀ ਪੁਲਸ ਨੇ ਮ੍ਰਿਤਕਾ ਦੇ ਪਿਤਾ ਦੇ ਬਿਆਨ ਉੱਤੇ ਦੋਸ਼ੀ ਪਤੀ ਖਿਲਾਫ ਧਾਰਾ 306 ਦਾ ਕੇਸ ਦਰਜ ਕਰ ਕੇ ਉਸ ਨੂੰ ਗ੍ਰਿਫਤਾਰ ਕਰ ਲਿਆ ਅਤੇ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

ਮ੍ਰਿਤਕਾ ਦੇ ਪਿਤਾ ਆਤਮਾ ਸਿੰਘ ਨੇ ਦੱਸਿਆ ਕਿ ਉਸ ਦੀ ਬੇਟੀ ਅਮਨਪ੍ਰੀਤ ਕੌਰ ਨੇ ਦੋ ਸਾਲ ਪਹਿਲਾਂ ਕਾਲੋਨੀ ਵਾਸੀ ਗੁਰਵਿੰਦਰ ਸਿੰਘ ਉਰਫ ਮਿੰਟੂ ਨਾਲ ਲਵ ਮੈਰਿਜ ਕੀਤੀ ਸੀ, ਪਰ ਉਸ ਦਾ ਪਤੀ ਕੋਈ ਕੰਮ ਧੰਦਾ ਨਹੀਂ ਕਰਦਾ ਤੇ ਮਾਰਕੁੱਟ ਵੀ ਕਰਦਾ ਸੀ। ਉਸ ਨੂੰ ਕਈ ਵਾਰ ਸਮਝਾਇਆ, ਪਰ ਉਹ ਆਪਣੀ ਹਰਕਤਾਂ ਤੋਂ ਨਹੀਂ ਹਟਿਆ। ਕੱਲ੍ਹ ਸ਼ਾਮ ਫਾਂਸੀ ਲਗਾਉਣ ਤੋਂ ਪਹਿਲਾਂ ਵੀ ਦੋਸ਼ੀ ਪਤੀ ਨੇ ਉਸ ਦੀ ਬੇਟੀ ਨੂੰ ਤੰਗ ਪਰੇਸ਼ਾਨ ਕੀਤਾ ਸੀ।

## ਤੇਲ ਚੋਰਾਂ ਨੇ ਪੀ ਸੀ ਆਰ ਕਰਮਚਾਰੀਆਂ ਉੱਤੇ ਟਰੱਕ ਜਾ ਚੜ੍ਹਾਇਆ

ਜਲੰਧਰ, 23 ਮਾਰਚ (ਪੋਸਟ ਬਿਊਰੋ)- ਟਰਾਂਸਪੋਰਟ ਨਗਰ ਵਿੱਚ ਕੱਲ੍ਹ ਤੜਕੇ ਬਿਜਲੀ ਦੇ ਚਾਲੂ ਟਰਾਂਸਫਾਰਮਰ ਵਿੱਚੋਂ ਤੇਲ ਚੋਰੀ ਕਰ ਰਹੇ ਚੋਰਾਂ ਨੂੰ ਦੇਖ ਕੇ ਪੀ ਸੀ ਆਰ ਕਰਮਚਾਰੀਆਂ ਨੇ ਜਦੋਂ ਉਨ੍ਹਾਂ ਨੂੰ ਫੜਨ ਦੀ ਕੋਸ਼ਿਸ਼ ਕੀਤੀ ਤਾਂ ਚੋਰਾਂ ਨੇ ਆਪਣਾ ਟਰੱਕ ਪੀ ਸੀ ਆਰ ਦੇ ਮੋਟਰਸਾਈਕਲ ਉੱਤੇ ਚੜ੍ਹਾ ਦਿੱਤਾ। ਪੁਲਸ ਵਾਲਿਆਂ ਨੇ ਛਾਲ ਮਾਰ ਕੇ ਆਪਣੀ ਜਾਨ ਬਚਾਈ, ਪਰ ਟਰੱਕ ਦੀ ਲਪੇਟ ਵਿੱਚ ਆਉਣ ਨਾਲ ਉਨ੍ਹਾਂ ਦਾ ਮੋਟਰਸਾਈਕਲ ਚੂਰ ਹੋ ਗਿਆ।

ਥਾਣਾ ਨੰਬਰ ਅੱਠ ਦੇ ਇੰਚਾਰਜ ਨੇ ਦੱਸਿਆ ਕਿ ਪੀ ਸੀ ਆਰ ਕਰਮਚਾਰੀ ਕੱਲ੍ਹ ਤੜਕੇ ਟਰਾਂਸਪੋਰਟ ਨਗਰ ਵਿੱਚ ਪੈਟਰੋਲਿੰਗ ਕਰ ਰਹੇ ਸਨਤਾਂ ਇੱਕ ਟਰਾਂਸਫਾਰਮਰ ਦੇ ਬਿਲਕੁਲ ਨਾਲ ਟਰੱਕ ਲਾ ਕੇ ਸ਼ੱਕੀ ਸਰਗਰਮੀਆਂ ਹੋਣਦਾ ਪਤਾ ਲੱਗਾ।ਉਨ੍ਹਾ ਨੇ ਟਰੱਕ ਨੇੜੇ ਜਾ ਕੇ ਦੇਖਿਆ ਤਾਂ ਉਸ ਵਿੱਚ ਪੰਜ ਲੋਕ ਸਨ। ਟਰੱਕ ਨੂੰ ਘੇਰਨ ਲਈ ਕਰਮਚਾਰੀਆਂ ਨੇ ਆਪਣਾ ਮੋਟਰਸਾਈਕਲ ਉਸਦੇ ਅੱਗੇ ਲਾ ਦਿੱਤਾ। ਚੋਰਾਂ ਨੇ ਟਰੱਕ ਸਟਾਰਟ ਕੀਤਾ ਅਤੇ ਪੀ ਸੀ ਆਰ ਕਰਮਚਾਰੀਆਂ ਉੱਤੇ ਚੜ੍ਹਾਉਣ ਲਈ ਇੱਕਦਮ ਰੇਸ ਦੇ ਦਿੱਤੀ। ਇਸੇ ਦੌਰਾਨ ਪੁਲਸ ਦੀ ਦੂਜੀ ਟੀਮ ਨੂੰ ਦੇਖ ਕੇ ਪੰਜ ਚੋਰਾਂ ਵਿੱਚੋਂ ਤਿੰਨ ਟਰੱਕ ਛੱਡ ਕੇ ਹਨੇਰੇ ਵਿੱਚ ਫ਼ਰਾਰ ਹੋ ਗਏ, ਪਰ ਦੋ ਨੂੰ ਪੁਲਸ ਨੇ ਕਾਬੂ ਕਰ ਲਿਆ। ਟਰੱਕ ਵਿੱਚ ਚੋਰਾਂ ਨੇ ਚਾਰ ਕੈਨ ਰੱਖੇ ਹੋਏ ਸਨ ਅਤੇ ਜਿਹੜੀ ਪਾਈਪ ਟਰਾਂਸਫਾਰਮਰ ਵਿੱਚ ਪਾਈ ਗਈ ਸੀ, ਉਸਦੀ ਦੂਜੀ ਸਾਈਡ ਕੈਨ ਵਿੱਚ ਸੀ। ਮੁਲਜ਼ਮ ਚਾਲੂ ਹਾਲਤ ਵਿੱਚ ਟਰਾਂਸਫਾਰਮਰ ਵਿੱਚੋਂ ਤੇਲ ਚੋਰੀ ਕਰ ਰਹੇ ਸਨ। ਮੁਲਜ਼ਮਾਂ ਕੋਲੋਂ 50 ਲਿਟਰ ਚੋਰੀ ਦਾ ਤੇਲ ਮਿਲਿਆ ਹੈ। ਫੜੇ ਗਏ ਦੋਸ਼ੀਆਂ ਦੀ ਪਛਾਣ ਗੁਰਦਿਆਲ ਸਿੰਘ ਪੁੱਤਰ ਹੇਮਰਾਜ ਅਤੇ ਮਨੀਸ਼ ਕੁਮਾਰ ਪੁੱਤਰ ਭੁਪਿੰਦਰ ਸਿੰਘ ਨਿਵਾਸੀ ਅਰਮਾਨ ਨਗਰ ਰਾਮਾ ਮੰਡੀ ਵਜੋਂ ਹੋਈ ਹੈ। ਉਨ੍ਹਾਂ ਖ਼ਿਲਾਫ਼ ਪਹਿਲਾਂ ਵੀ ਕੇਸ ਦਰਜ ਹਨ।

Steinmetz & Associates

PERSONAL INJURY LAWYERS



Harry Steinmetz
Certified as Specialist
by the Law Society of
Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust

You only pay upon settlement

GURSHARAN BOBBY SIDHU

647.539.3020

1450 Meyerside Drive, Suite 308, Mississauga

2 OFFICES TO SERVE YOU

55 St. Clair Ave., West, Toronto

email: bsidhu@steinmetzlawyers.ca website: www.steinmetzlawyers.ca

## ਸਾਡੀ ਸਰਕਾਰ ਰਾਜ ਦੇ ਲੋਕਾਂ ਲਈ ਸਿਹਤ ਸੰਭਾਲ ਸੁਵਿਧਾਵਾਂ ਵਿੱਚ ਕ੍ਰਾਂਤੀ ਲਿਆਉਣ ਲਈ ਪੂਰੀ ਤਰ੍ਹਾਂ ਵਚਨਬੱਧ : ਡਾ. ਸਿੰਗਲਾ

*ਭ੍ਰਿਸਟਾਚਾਰ ਦੇ ਖਿਲਾਫ ਅਪਣਾਈ ਜਾਵੇਗੀ ਜੀਰੋ ਸਹਿਣਸ਼ੀਲਤਾ ਨੀਤੀ



ਚੰਡੀਗੜ੍ਹ, 23 ਮਾਰਚ (ਗਿਆਨ ਸਿੰਘ ) ਸਿਹਤ ਤੇ ਪਰਿਵਾਰ ਭਲਾਈ ਅਤੇ ਮੈਡੀਕਲ ਸਿੱਖਿਆ ਤੇ ਖੋਜ ਵਿਭਾਗਾਂ ਦੇ ਕੈਬਨਿਟ ਮੰਤਰੀ ਵਜੋਂ ਅਹੁਦਾ ਸੰਭਾਲਣ ਉਪਰੰਤ ਡਾ: ਵਿਜੇ ਸਿੰਗਲਾ ਨੇ ਅੱਜ ਇੱਥੇ ਪੰਜਾਬ ਭਵਨ, ਚੰਡੀਗੜ੍ਹ ਵਿਖੇ ਇਨ੍ਹਾਂ ਦੋਵਾਂ ਵਿਭਾਗਾਂ ਦੇ ਉੱਚ ਅਧਿਕਾਰੀਆਂ ਦੀ ਮੀਟਿੰਗ ਦੀ ਪ੍ਰਧਾਨਗੀ ਕੀਤੀ।

ਉਨ੍ਹਾਂ ਨੇ ਮੌਜੂਦਾ ਸਥਿਤੀ ਦਾ ਜਾਇਜਾ ਲਿਆ ਅਤੇ ਸੀਨੀਅਰ ਅਧਿਕਾਰੀਆਂ ਅਤੇ ਹੋਰ ਪ੍ਰੋਗਰਾਮ ਅਫਸਰਾਂ ਆਦਿ ਦੀ ਮੌਜੂਦਗੀ ਵਿੱਚ ਇਨ੍ਹਾਂ ਵਿਭਾਗਾਂ ਦੇ ਕੰਮਕਾਜ ਦਾ ਜਾਇਜਾ ਲਿਆ।ਮੀਟਿੰਗ ਦੌਰਾਨ ਵਿਭਾਗ ਦੇ ਅਧਿਕਾਰੀਆਂ ਵਲੋਂ ਸਿਹਤ ਮੰਤਰੀ ਨੂੰ ਵਿਭਾਗ ਵਲੋਂ ਜਨਤਾ ਨੂੰ ਮੁਹੱਈਆ ਕਰਵਾਈਆਂ ਜਾ ਰਹੀਆਂ ਸੇਵਾਵਾਂ ਅਤੇ ਸਹੂਲਤਾਂ ਦੀ ਬਾਰੇ ਜਾਣੂ ਕਰਵਾਇਆ।

ਮੀਟਿੰਗ ਦੌਰਾਨ ਡਾ: ਵਿਜੇ ਸਿੰਗਲਾ ਨੇ ਚਿੰਤਾ ਜਾਹਰ ਕਰਦਿਆਂ ਕਿਹਾ ਕਿ ਸੂਬੇ ਦੇ ਕਿਸੇ ਵੀ ਸਰਕਾਰੀ ਮੈਡੀਕਲ ਕਾਲਜ ਵਿੱਚ ਇੱਕ ਵੀ ਕੈਥ ਲੈਬ ਮੌਜੂਦ ਨਹੀਂ ਹੈ, ਜਿਸ ਕਾਰਨ ਦਿਲ ਦੇ ਰੋਗਾਂ ਤੋਂ ਪੀੜਤ ਮਰੀਜ ਅਤੇ ਫੌਰੀ ਡਾਕਟਰੀ ਇਲਾਜ ਦੀ ਜਰੂਰਤ ਵਾਲੇ ਮਰੀਜਾਂ ਨੂੰ ਪ੍ਰਾਈਵੇਟ ਹਸਪਤਾਲ ਵਿੱਚ ਇਲਾਜ ਕਰਵਾਉਣ ਹਿੱਤ ਜਾਣ ਲਈ ਮਜਬੂਰ ਹਨ ਜਿੱਥੇ ਬਹੁਤ ਜਿਆਦਾ ਖਰਚਾ ਹੋ ਜਾਂਦਾ ਹੈ। ਉਨ੍ਹਾਂ ਕਿਹਾ ਕਿ ਰਾਜ ਦੇ ਬਾਸਿੰਦਿਆਂ ਨੂੰ ਸਸਤਾ ਇਲਾਜ ਸਹੂਲਤਾਂ ਹਾਂਸਲ ਕਰਨ ਲਈ ਪੰਜਾਬ ਤੋਂ ਬਾਹਰ ਦੂਜੇ ਰਾਜਾਂ ਵਿਚ ਸਥਿਤ ਟਰਸਰੀ ਦਰਜੇ ਦੀ ਦੇਖਭਾਲ ਵਾਲੇ ਮੁਹੱਈਆ ਕਰਵਾਉਣ ਵਾਲੇ ਸਰਕਾਰੀ ਹਸਪਤਾਲਾਂ ਵਿੱਚ ਜਾਣ ਲਈ ਖੱਜਲ ਹੋਣਾਂ ਪੈਂਦਾ ਹੈ ਜੋ ਕਿ ਪਹਿਲਾਂ ਹੀ ਦਿੱਕਤਾਂ ਦਾ ਸਾਹਮਣਾ ਕਰ ਰਹੇ ਮਰੀਜਾਂ ਤੇ ਹੋਰ ਬੋਝ ਨਾ ਦਿੰਦਾ ਹੈ।ਡਾਕਟਰ ਸਿੰਗਲਾ ਨੇ ਕਿਹਾ ਕਿ ਉਹ ਸਰਕਾਰੀ ਮੈਡੀਕਲ ਕਾਲਜਾਂ ਵਿੱਚ ਜਲਦੀ ਤੋਂ ਜਲਦੀ ਕੈਥ ਲੈਬਾਂ ਖੋਲ੍ਹਣ ਦੇ ਕੰਮ ਨੂੰ ਪਹਿਲ ਦੇ ਆਧਾਰ 'ਤੇ ਕਰਨਗੇ ਤਾਂ ਜੋ ਪੰਜਾਬ ਦੇ ਲੋਕਾਂ ਨੂੰ ਜੀਵਨ ਬਚਾਉਣ ਦੇ ਟੈਸਟ ਅਤੇ ਇਲਾਜ ਦੀਆਂ ਸਹੂਲਤਾਂ ਸਸਤੇ ਭਾਅ ਤੇ ਉਪਲਬਧ ਕਰਵਾਈਆਂ ਜਾ ਸਕਣ।

ਨਸਾ ਛੁਡਾਊ ਪ੍ਰੋਗਰਾਮ ਦਾ ਜਾਇਜਾ ਲੈਂਦਿਆਂ ਸਿਹਤ ਮੰਤਰੀ ਨੇ ਓ.ਓ.ਏ.ਟੀ. ਕਲੀਨਿਕ ਅਤੇ ਨਸਾ ਛੁਡਾਊ ਅਤੇ ਮੁੜ ਵਸੇਬਾ ਕੇਂਦਰਾਂ ਦੇ ਕੰਮਕਾਜ ਵਿੱਚ ਸੁਧਾਰ ਕਰਨ ਦੀ ਲੋੜ ਦੇ ਨਿਰਦੇਸ ਦਿੱਤੇ ਅਤੇ ਕਿਹਾ ਕਿ ਉਹ ਜਲਦੀ ਹੀ ਇੱਕ ਸਮਰਪਿਤ ਮੀਟਿੰਗ ਕਰਨਗੇ, ਜਿਸ ਵਿੱਚ ਰਣਨੀਤੀ ਉਲੀਕੀ ਜਾਵੇਗੀ ਅਤੇ ਪ੍ਰੋਗਰਾਮ ਹੇਠਲੀਆਂ ਕਮੀਆਂ ਨੂੰ ਪੂਰਾ ਕੀਤਾ ਜਾਵੇਗਾ।

ਡਾ: ਵਿਜੇ ਸਿੰਗਲਾ ਨੇ ਹਦਾਇਤ ਕੀਤੀ ਕਿ ਲੋਕਾਂ ਦੇ ਰੋਜਾਨਾ ਮਸਲਿਆਂ ਜਿਵੇਂ ਕਿ ਫੂਡ ਸੈਂਪਲਿੰਗ ਰਿਪੋਰਟਾਂ, ਕੈਮੀਕਲ ਟੈਸਟਿੰਗ ਰਿਪੋਰਟਾਂ, ਮੈਡੀਕਲ ਰਿਮਬਰਸਮੈਂਟ, ਐੱਫ.ਐੱਸ.ਐੱਸ.ਏ.ਆਈ. ਜਾਂ ਕਿਸੇ ਹੋਰ ਸਬੰਧਤ ਐਕਟ ਅਧੀਨ ਲਾਜਮੀ ਰਜਿਸਟ੍ਰੇਸਨਾਂ ਅਤੇ ਲਾਇਸੰਸ ਜਾਰੀ ਕਰਨ ਅਤੇ ਮੈਡੀਕਲ ਰਿਪੋਰਟਾਂ ਆਦਿ ਨੂੰ ਲੋਕ ਹਿਤੈਸੀ ਬਣਾਇਆ ਜਾਵੇ। ਵਿਭਾਗ ਵਿੱਚ ਕਿਸੇ ਵੀ ਕਿਸਮ ਦੇ ਭ੍ਰਿਸਟਾਚਾਰ ਪ੍ਰਤੀ ਜੀਰੋ ਟੋਲਰੈਂਸ ਦੀ ਨੀਤੀ ਹੋਵੇਗੀ ਅਤੇ ਜੋ ਵੀ ਦੋਸੀ ਪਾਇਆ ਗਿਆ ਉਸ ਨਾਲ ਸਖਤੀ ਨਾਲ ਨਿਪਟਿਆ ਜਾਵੇਗਾ।

ਉਨ੍ਹਾਂ ਕਿਹਾ ਕਿ ਹਾਜਰੀ ਦੀ ਸਮੇਂ ਦੀ ਪਾਬੰਦਤਾ ਬਰਕਰਾਰ ਰੱਖੀ ਜਾਵੇ ਤਾਂ ਜੋ ਲੋਕਾਂ ਨੂੰ ਆਪਣੀ ਸੀਟ 'ਤੇ ਅਧਿਕਾਰੀ ਨਾ ਹੋਣ ਕਾਰਨ ਪ੍ਰੇਸਾਨੀ ਦਾ ਸਾਹਮਣਾ ਨਾ ਕਰਨਾ ਪਵੇ।

ਇਸ ਦੌਰਾਨ ਰਾਜ ਕਮਲ ਚੌਧਰੀ, ਪ੍ਰਮੁੱਖ ਸਕੱਤਰ ਸਿਹਤ, ਅਲੋਕ ਸੇਖਰ, ਪ੍ਰਮੁੱਖ ਸਕੱਤਰ, ਮੈਡੀਕਲ ਸਿੱਖਿਆ, ਕੁਮਾਰ ਰਾਹੁਲ, ਐਮਡੀ ਐਨਐਚਐਮ, ਅਮਿਤ ਕੁਮਾਰ, ਵਿਸੇਸ ਸਕੱਤਰ ਮੈਡੀਕਲ ਸਿੱਖਿਆ, ਭੁਪਿੰਦਰ ਸਿੰਘ, ਐਮਡੀ ਪੀਐਚਐਸਸੀ ਅਤੇ ਡਾ ਜੀਬੀ ਸਿੰਘ, ਡਾਇਰੈਕਟਰ ਸਿਹਤ ਸੇਵਾਵਾਂ ਪੰਜਾਬ ਸਮੇਤ ਵਿਭਾਗ ਦੇ ਹੋਰ ਸੀਨੀਅਰ ਅਧਿਕਾਰੀ ਵੀ ਹਾਜਰ ਸਨ।

## ਪਾਕਿ ਵਿੱਚ ਅਗਵਾ ਦਾ ਵਿਰੋਧ ਕਰਦੀ ਹਿੰਦੂ ਲੜਕੀ ਦੀ ਹੱਤਿਆ



ਇਸਲਾਮਾਬਾਦ, 23 ਮਾਰਚ (ਪੋਸਟ ਬਿਊਰੋ)- ਪਾਕਿਸਤਾਨ ਦੇ ਸਿੰਧ ਸੂਬੇ ਵਿੱਚ ਇੱਕ ਹਿੰਦੂ ਲੜਕੀ ਦੀ ਸ਼ਰੇਆਮ ਹੱਤਿਆ ਕਰ ਦਿੱਤੀ ਗਈ। ਹਤਿਆਰਾ ਲੜਕੀ ਦਾ ਧਰਮ ਬਦਲ ਕੇ ਉਸ ਨਾਲ ਨਿਕਾਹ ਕਰਨਾ ਚਾਹੁੰਦਾ ਸੀ।

ਇਸ ਵਾਰਦਾਤ ਤੋਂ ਭੜਕੇ ਪਾਕਿਸਤਾਨ ਦੇ ਘੱਟਗਿਣਤੀ ਭਾਈਚਾਰੇ ਦੇ ਲੋਕਾਂ ਨੇ ਧਰਨਾ-ਪ੍ਰਦਰਸ਼ਨ ਸ਼ੁਰੂ ਕਰ ਦਿੱਤਾ।ਰਿਪੋਰਟ ਮੁਤਾਬਕ ਵਾਰਦ-ਾਤ ਰੋਹੀ-ਸੱਖਰ ਦੀ ਹੈ। 18 ਸਾਲਾ ਪੂਜਾ ਓਡ ਨੂੰ ਅਗਵਾ ਕਰਨ ਦੀ ਕੋਸ਼ਿਸ਼ ਕੀਤੀ ਗਈ ਤੇ ਜਦੋਂ ਉਸ ਨੇ ਵਿਰੋਧ ਕੀਤਾ ਤਾਂ ਸ਼ਰੇਆਮ ਉਸ ਨੂੰ ਗੋਲੀ ਮਾਰ ਦਿੱਤੀ ਗਈ। ਮੁਲਜ਼ਮ ਦੀ ਪਛਾਣ ਵਾਹਿਦ ਬਖਸ਼ ਲਾਸ਼ਰੀ ਵਜੋਂ ਹੋਈ ਹੈ। ਵਾਰਦਾਤ ਦੇ ਦਿਨ ਲਾਸ਼ਰੀ ਘੋਟਕੀ ਵਿੱਚ ਪੂਜਾ ਦੇ ਘਰ ਵਿੱਚ ਵੜ ਗਿਆ ਅਤੇ ਉਸ ਨੂੰ ਅਗਵਾ ਕਰਨ ਦੀ ਕੋਸ਼ਿਸ਼ ਕਰਨ ਲੱਗਾ। ਉਹ ਪੂਜਾ ਨੂੰ ਖਿੱਚਦੇ ਹੋਏ ਗਲੀ ਤਕ ਲੈ ਆਇਆ, ਪਰ ਲੜਕੀ ਵਿਰੋਧ ਕਰਦੀ ਰਹੀ। ਇਸ ਤੋਂ ਭੜਕੇ ਲਾਸ਼ਰੀ ਨੇ ਪੂਜਾ ਨੂੰ ਸ਼ਰੇਆਮ ਗੋਲੀ ਮਾਰ ਦਿੱਤੀ। ਪੂਜਾ ਦੀ ਮੌਕੇ ਉੱਤੇ ਮੌਤ ਹੋ ਗਈ। ਪੁਲਸ ਨੇ ਦੋਸ਼ੀ ਨੂੰ ਗ੍ਰਿਫਤਾਰ ਕਰ ਲਿਆ ਹੈ ਤੇ ਉਸ ਨੇ ਆਪਣਾ ਅਪਰਾਧ ਵੀ ਸਵੀਕਾਰ ਕਰ ਲਿਆ ਹੈ।

## ਲੈਸਟਰ ਵਿੱਚ ਤਿੰਨ ਸਿੱਖ ਵਿਦਿਆਰਥੀਆਂ ਉੱਤੇ ਹੋਇਆ ਨਸਲੀ ਹਮਲਾ



ਲੈਸਟਰ, 23 ਮਾਰਚ (ਪੋਸਟ ਬਿਊਰੋ)- ਕੱਲ੍ਹ ਲੈਸਟਰ ਸ਼ਹਿਰ ਦੇ ਜੱਜਮੈਡੋ ਸਕੂਲ ਦੇ ਕੁਝ ਲੋਕਾਂ ਨੇ ਦਸਤਾਰ ਖ਼ਿਲਾਫ਼ ਭੱਦੀ ਸ਼ਬਦਾਵਲੀ ਦੀ ਵਰਤੋਂ ਕੀਤੀ ਅਤੇ ਸਕੂਲ ਦੇ ਤਿੰਨ ਦਸਤਾਰਧਾਰੀ ਸਿੱਖ ਵਿਦਿਆਰਥੀਆਂ ਉੱਤੇ ਨਸਲੀ ਹਮਲਾ ਕਰਕੇ ਤੇਜ਼ਧਾਰ ਹਥਿਆਰ ਨਾਲ ਜ਼ਖ਼ਮੀ ਕਰ ਦਿੱਤਾ ਤੇ ਦਸਤਾਰ ਦੀ ਬੇਅਦਬੀ ਕੀਤੀ।

ਮਿਲੀ ਜਾਣਕਾਰੀ ਅਨੁਸਾਰ ਲੈਸਟਰ ਦੇ ਵਸਨੀਕ ਦਲਜੀਤ ਸਿੰਘ ਦੇ ਬੇਟੇ ਸੁਖਰਾਜ ਸਿੰਘ ਅਤੇ ਗੁਰਜੀਤ ਸਿੰਘ ਅਤੇ ਉਨ੍ਹਾਂ ਦੇ ਇੱਕ ਸਾਥੀ ਦਸਤਾਧਾਰੀ ਵਿਦਿਆਰਥੀ ਗੁਰਦਾਸ ਸਿੰਘ ਉੱਤੇ ਸਕੂਲ ਵਿੱਚ 20-25 ਤੋਂ ਵੀ ਵੱਧ ਇੱਕ ਭਾਈਚਾਰੇ ਦੇ ਵਿਦਿਆਰਥੀਆਂ ਨੇ ਨਸਲੀ ਹਮਲਾ ਕਰਕੇ ਦਸਤਾਰ ਵੀ ਬੇਅਦਬੀ ਕੀਤੀ ਅਤੇ ਤੇਜ਼ਧਾਰ ਹਥਿਆਰ ਨਾਲ ਵਾਰ ਕਰਕੇ ਇੱਕ ਸਿੱਖ ਵਿਦਿਆਰਥੀ ਨੂੰ ਜ਼ਖ਼ਮੀ ਕਰ ਦਿੱਤਾ। ਇਸ ਦੌਰਾਨ ਸਿੱਖ ਵਿਦਿਆਰਥੀਆਂ ਨੇ ਬੜੀ ਦਲੇਰੀ ਅਤੇ ਹਿੰਮਤ ਨਾਲ ਆਪਣੀ ਜਾਨ ਬਚਾਈ। ਇਸ ਨਸਲੀ ਹਮਲੇ ਉੱਤੇ ਰੋਸ ਪ੍ਰਗਟ ਕਰਦਿਆਂ ਲੈਸਟਰ ਤੇ ਆਸ-ਪਾਸ ਦੇ ਸਿੱਖ ਭਾਈਚਾਰੇ ਨੇ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਵਿਖੇ ਇਕੱਤਰਤਾ ਕੀਤੀ। ਗੁਰਦੁਆਰਾ ਸਾਹਿਬ ਦੇ ਪ੍ਰਧਾਨ ਰਾਜਮਨਵਿੰਦਰ ਸਿੰਘ ਰਾਜਾ ਕੰਗ, ਗੁਰਦੁਆਰਾ ਦਸਮੇਸ਼ ਸਾਹਿਬ ਜਿਪਸੀ ਲੇਨ ਅਤੇ ਗੁਰਦੁਆਰਾ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਬੰਧਕਾਂ ਨੇ ਸਕੂਲ ਦੇ ਪ੍ਰਿੰਸੀਪਲ ਅਤੇ ਸਥਾਨਕ ਪੁਲਸ ਨੂੰ ਤਾੜਨਾ ਕਰਦਿਆਂ ਕਿਹਾ ਕਿ ਸਿੱਖ ਕੌਮ ਹਰੇਕ ਧਰਮ ਦਾ ਸਤਿਕਾਰ ਕਰਦੀ ਹੈ ਇਸ ਲਈ ਪੁਲਸ ਅਤੇ ਪ੍ਰਸ਼ਾਸਨ ਨੂੰ ਆਪਣੀ ਜ਼ਿੰਮੇਵਾਰੀ ਮੁਸਤੇਦੀ ਨਾਲ ਨਿਭਾਉਣੀ ਚਾਹੀਦੀ ਹੈ। ਪੁਲਸ ਨੇ ਤਿੰਨ ਵਿਦਿਆਰਥੀਆਂ ਨੂੰ ਹਿਰਾਸਤ ਵਿੱਚ ਲੈ ਲਿਆ ਹੈ।

## ਦਿੱਲੀ ਦੁਨੀਆ ਦੀ ਸਭ ਤੋਂ ਪ੍ਰਦੂਸ਼ਿਤ ਰਾਜਧਾਨੀ ਮੰਨੀ ਗਈ

* ਟਾਪ 100 ਪ੍ਰਦੂਸ਼ਿਤ ਸ਼ਹਿਰਾਂ ਵਿੱਚ 63 ਸ਼ਹਿਰ ਭਾਰਤ ਦੇ



ਨਵੀਂ ਦਿੱਲੀ, 23 ਮਾਰਚ (ਪੋਸਟ ਬਿਊਰੋ)- ਦਿੱਲੀ ਭਾਰਤ ਦੀ ਹੀ ਨਹੀਂ, ਦੁਨੀਆ ਦੀ ਸਭ ਤੋਂ ਪ੍ਰਦੂਸ਼ਤ ਰਾਜਧਾਨੀ ਹੈ। ਲਗਾਤਾਰ ਦੂਸਰੇ ਸਾਲ ਅਜਿਹਾ ਹੋਇਆ ਹੈ ਕਿ ਭਾਰਤ ਦੀ ਰਾਜਧਾਨੀ ਦੁਨੀਆ ਦੇ ਸਭ ਤੋਂ ਵੱਧ ਪ੍ਰਦੂਸ਼ਿਤ ਸ਼ਹਿਰਾਂ ਵਿੱਚ ਪਹਿਲੇ ਨੰਬਰ ਉੱਤੇ ਹੈ। ਬੰਗਲਾ ਦੇਸ਼ ਦੀ ਰਾਜਧਾਨੀ ਢਾਕਾ ਦੂਸਰੇ, ਅਫਰੀਕਨ ਦੇਸ਼ ਚਾਡ ਦੀ ਰਾਜਧਾਨੀ ਨਜਾਮਿਨਾ ਤੀਜੇ ਅਤੇ ਤਜਾਕਿਸਤਾਨ ਦਾ ਦੁਸ਼ਾਂਬੇ ਸ਼ਹਿਰ ਚੌਥੇ ਨੰਬਰ ਉੱਤੇ ਹੈ।

ਦੁਨੀਆ ਦੇ 15 ਸਭ ਤੋਂ ਵੱਧ ਪ੍ਰਦੂਸ਼ਿਤ ਸ਼ਹਿਰ ਸੈਂਟ੍ਰਲ ਅਤੇ ਦੱਖਣੀ ਏਸ਼ੀਆ ਵਿੱਚ ਹਨ। ਪਹਿਲੇ 100 ਸਭ ਤੋਂ ਪ੍ਰਦੂਸ਼ਤ ਸ਼ਹਿਰਾਂ ਵਿੱਚ 63 ਸ਼ਹਿਰ ਭਾਰਤ ਦੇ ਹਨ। ਇਹ ਜਾਣਕਾਰੀ ਗੈਰ ਸਰਕਾਰੀ ਏਜੰਸੀ ਆਈ ਕਿਊਂ ਏਅਰ ਵੱਲੋਂ ਜਾਰੀ ਰਿਪੋਰਟ ਤੋਂ ਪਤਾ ਲੱਗੀ ਹੈ। ਇਸ ਰਿਪੋਰਟ ਅਨੁਸਾਰ ਵਿਸ਼ਵ ਸਿਹਤ ਸੰਗਠਨ (ਡਬਲਯੂ ਐਚ ਓ) ਵੱਲੋਂ ਤਹਿ ਕੀਤੇ ਵਾਯੂ ਗੁਣਵਤਾ ਸੂਚਕ ਅੰਕ ਦੇ ਮਾਪਦੰਡਾਂ ਉੱਤੇ ਦੁਨੀਆ ਦੇ ਕਿਸੇ ਵੀ ਦੇਸ਼ ਦਾ ਕੋਈ ਸ਼ਹਿਰ ਖਰਾ ਨਹੀਂ ਉਤਰਿਆ ਹੈ। ਰਿਪੋਰਟ ਵਿੱਚ ਦੁਨੀਆ ਦੇ 6475 ਸ਼ਹਿਰਾਂ ਦਾ ਡਾਟਾ ਸ਼ਾਮਲ ਕੀਤਾ ਗਿਆ ਹੈ।ਰਿਪੋਰਟ ਦੱਸਦੀ ਹੈ ਕਿ ਭਾਰਤ ਵਿੱਚ ਪ੍ਰਦੂਸ਼ਤ ਦਾ ਪੱਧਰ 2021 ਵਿੱਚ ਖ਼ਰਾਬ ਰਿਹਾ। ਸਵਿਟਜ਼ਰਲੈਂਡ ਦੀ ਪ੍ਰਦੂਸ਼ਣ ਤਕਨਾਲੋਜੀ ਕੰਪਨੀ ਆਈ ਕਿਊਂ ਏਅਰ ਦੀ ਇਸ ਰਿਪੋਰਟ ਵਿੱਚ ਦੁਨੀਆ ਦੇ 93 ਸ਼ਹਿਰਾਂ ਵਿੱਚ ਪੀ ਐਮ 2.5 ਮਿਥੇਪੱਧਰ ਤੋਂ 10 ਗੁਣਾ ਵੱਧ ਮਿਲਿਆ।

## ਕੋਰੋਨਾ ਦੇ ਸਭ ਤੋਂ ਵੱਧ ਝੂਠੇ ਕੇਸ ਆਂਧਰਾ, ਮਹਾਰਾਸ਼ਟਰ, ਗੁਜਰਾਤ ਤੇ ਕੇਰਲਾ ਵਿੱਚ ਮਿਲੇ



ਨਵੀਂ ਦਿੱਲੀ, 23 ਮਾਰਚ (ਪੋਸਟ ਬਿਊਰੋ)- ਕੋਰੋਨਾ ਨਾਲ ਹੋਈ ਮੌਤ ਦੇ ਬਾਅਦ ਮੁਆਵਜ਼ੇ ਦੇ ਸਭ ਤੋਂ ਜ਼ਿਆਦਾ ਫਰਜੀ ਦਾਅਵੇ ਆਂਧਰਾ ਪ੍ਰਦੇਸ਼, ਮਹਾਰਾਸ਼ਟਰ, ਗੁਜਰਾਤ ਤੇ ਕੇਰਲ ਵਿੱਚ ਕੀਤੇ ਗਏ ਹਨ।

ਭਾਰਤ ਸਰਕਾਰ ਨੇ ਸੁਪਰੀਮ ਕੋਰਟ ਨੂੰ ਇਸ ਬਾਰੇ ਦੱਸ ਕੇ ਮੰਗ ਕੀਤੀ ਹੈ ਕਿ ਕੇਂਦਰੀ ਏਜੰਸੀ ਵੱਲੋਂ ਇਨ੍ਹਾਂ ਝੂਠੇ ਦਾਅਵਿਆਂ ਦੀ ਜਾਂਚ ਕਰਾਏ ਜਾਣ ਦੀ ਆਗਿਆ ਦਿੱਤੀ ਜਾਵੇ? ਮੀਡੀਆ ਦੀ ਰਿਪੋਰਟ ਮੁਤਾਬਕ ਜਸਟਿਸ ਐਮ ਆਰ ਸ਼ਾਹ ਦੀ ਪ੍ਰਧਾਨਗੀ ਵਾਲੀ ਬੈਂਚ ਨੇ ਫਰਜ਼ੀ ਦਾਅਵਿਆਂ ਬਾਰੇ ਸਖ਼ਤੀ ਦਿਖਾਈ ਅਤੇ ਕਿਹਾ ਸੀ ਕਿ ਇਸ ਮਾਮਲੇ ਵਿੱਚ ਸੀ ਜੀ ਨਾਲ ਜਾਂਚ ਕਰਾਈ ਜਾ ਸਕਦੀ ਹੈ। ਐਡਵੋਕੇਟ ਜਨਰਲ ਤੁਸ਼ਾਰ ਮਹਿਤਾ ਨੇ ਕਿਹਾ ਕਿ ਇਸ ਤਰ੍ਹਾਂ ਦੀ ਜਾਂਚ ਨਾਲ ਲੋਕ ਫਰਜ਼ੀ ਦਾਅਵਾ ਕਰਨ ਤੋਂ ਡਰਨਗੇ।ਉਨ੍ਹਾਂ ਨੇ ਇਹ ਵੀ ਕਿਹਾ ਕਿ ਏਦਾਂ ਦੇ ਦਾਅਵੇ ਮੌਤ ਦੇ ਚਾਰ ਹਫ਼ਤਿਆਂ ਅੰਦਰ ਕੀਤੇ ਜਾਣ ਚਾਹੀਦੇ, ਪਰ ਬੈਂਚ ਨੇ ਕਿਹਾ ਕਿ ਇਹ ਸਮਾਂ-ਸੀਮਾ ਬਹੁਤ ਘੱਟ ਹੈ ਕਿਉਂਕਿ ਮੌਤ ਮਗਰੋਂ ਸਾਰੇ ਕਰਮਕਾਂਡ ਅਤੇ ਕਾਗਜ਼ੀ ਕਾਰਵਾਈ ਪੂਰੀ ਕਰਨ ਵਿੱਚ ਸਮੇਂ ਲੱਗਦਾ ਹੈ।ਇਸ ਦੀ ਥਾਂ ਬੈਂਚ ਨੇ ਕਿਹਾ ਕਿ ਪੁਰਾਣੇ ਦਾਅਵੇ 60 ਦਿਨ ਦੇ ਅੰਦਰ ਅਤੇ ਤਾਜ਼ਾ ਮੌਤਾਂ ਲਈ 90 ਦਿਨਾਂ ਦੇ ਅੰਦਰ ਦਾਅਵਾ ਕਰਨ ਦੀ ਇਜਾਜ਼ਤ ਹੋਣੀ ਚਾਹੀਦੀ ਹੈ। ਸੁਪਰੀਮ ਕੋਰਟ ਨੇ ਆਦੇਸ਼ ਦਿੱਤਾ ਸੀ ਕਿ ਕੋਰੋਨਾ ਨਾਲ ਮਰਨ ਵਾਲਿਆਂ ਦੇ ਪਰਵਾਰ ਨੂੰ ਸਰਕਾਰ 50 ਹਜ਼ਾਰ ਰੁਪਏ ਮੁਆਵਜ਼ਾ ਦੇਵੇ,ਪਰ ਕੇਰਲ ਨੇ ਫਰਜ਼ੀ ਦਾਅਵਿਆਂ ਦੀ ਜਾਂਚ ਕੇਂਦਰੀ ਏਜੰਸੀ ਤੋਂ ਕਰਾਏ ਜਾਣ ਦਾ ਵਿਰੋਧ ਕੀਤਾ ਹੈ।

## ਤ੍ਰਿਣਮੂਲ ਨੇਤਾ ਦੇ ਕਤਲ ਪਿੱਛੋਂ ਬੰਗਾਲ ਦੀ ਹਿੰਸਾ ’ਚ 8 ਜਿਊਂਦੇ ਸੜੇ



ਕੋਲਕਾਤਾ, 23 ਮਾਰਚ (ਪੋਸਟ ਬਿਊਰੋ)- ਪੱਛਮੀ ਬੰਗਾਲ ਦੇ ਬੀਰਭੂਮ ਜ਼ਿਲ੍ਹੇ ਦੇ ਬੋਗਤੁਈ ਪਿੰਡ ਵਿਚ ਕੱਲ੍ਹ ਅਣਪਛਾਤੇ ਬਦਮਾਸ਼ਾਂ ਨੇ ਕਈ ਘਰਾਂ ਨੂੰ ਅੱਗ ਲਾ ਦਿੱਤੀ, ਜਿਸ ਵਿਚ ਦੋ ਬੱਚਿਆਂ ਸਮੇਤ ਅੱਠ ਲੋਕਾਂ ਦੀ ਜਿਉਂਦੇ ਸੜਨ ਨਾਲ ਮੌਤ ਹੋ ਗਈ। ਵਿਰੋਧੀ ਧਿਰ ਦੇ ਨੇਤਾ ਸੁਵੇਂਦੂ ਅਧਿਕਾਰੀ ਨੇ ਦਾਅਵਾ ਕੀਤਾ ਕਿ ਰਾਮ-ਪੁਰਹਾਟ ਬਲਾਕ ਵਿਚ ਇਸ ਘਟਨਾ ਵਿਚ 12 ਲੋਕ ਮਾਰੇ ਗਏ ਹਨ। ਬੀਰਭੂਮ ਦੇ ਐਸ ਪੀ ਨੇ ਅੱਗ ਲੱਗਣ ਦਾ ਸਹੀ ਕਾਰਨ ਨਹੀਂ ਦੱਸਿਆ। ਉਨ੍ਹਾਂ ਦੱਸਿਆ ਕਿ ਇਸ ਘਟਨਾ ਵਿਚ 11 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ।

ਇਕ ਸੀਨੀਅਰ ਅਧਿਕਾਰੀ ਨੇ ਦੱਸਿਆ,“ਇਹ ਖਦਸ਼ਾ ਹੈ ਕਿ ਭੀੜ ਨੇ ਤ੍ਰਿਣਮੂਲ ਕਾਂਗਰਸ ਵੱਲੋਂ ਚਲਾਏ ਜਾਂਦੇ ਬਰਸਾਲ ਪੰਚਾਇਤ ਦੇ ਉਪ ਮੁੱਖੀ ਬਿਲੂ ਸ਼ੇਖ ਦੇ ਕਤਲ ਦਾ ਬਦਲ ਲੈਣ ਲਈ ਕਈ ਘਰਾਂ ਨੂੰ ਅੱਗ ਲਾਈ ਹੋਵੇ।" ਕੱਲ੍ਹ ਸ਼ਾਮ ਚਾਰ ਨਕਾਬਪੋਸ਼ਾਂ ਦੇ ਗੋਲੀ ਮਾਰੇ ਜਾਣ ਤੋਂ ਬਾਅਦ ਸ਼ੇਖ ਨੂੰ ਰਾਮਪੁਰਹਾਟ ਦੇ ਸਰਕਾਰੀ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਨ੍ਹਾਂ ਨੂੰ ਮ੍ਰਿਤਕ ਐਲਾਨ ਕਰਦਿੱਤਾ। ਸ਼ੇਖ ਦੀ ਮੌਤ ਦੀ ਖ਼ਬਰ ਤੋਂ ਬਾਅਦ ਬੋਗਾਟੂਈ ਪਿੰਡ ਦੇ ਲੋਕਾਂ ਨੇ ਆਪਣੇ ਨੇਤਾ ਦੇ ਕਤਲ ਤੋਂ ਗੁੱਸੇ ਵਿਚ ਆ ਕੇ ਘਰਾਂ ਨੂੰ ਅੱਗਾਂ ਲਾ ਦਿੱਤੀਆਂ।



## ਚੀਨ-ਪਾਕਿ ਸੰਬੰਧਾਂ ਦੀ ਮਜ਼ਬੂਤੀ ਲਈ ਦੋਵਾਂ ਵੱਲੋਂ ਨਵੇਂ ਸਮਝੌਤੇ

ਬੀਜਿੰਗ, 23 ਮਾਰਚ (ਪੋਸਟ ਬਿਊਰੋ)- ਚੀਨ ਤੇ ਪਾਕਿਸਤਾਨ ਨੇ ਦੁਵੱਲੇ ਸੰਬੰਧਾਂ ਨੂੰ ਮਜ਼ਬੂਤ ਕਰਨ ਦੀ ਵਚਨਬੱਧਤਾ ਪ੍ਰਗਟ ਕਰਦੇ ਹੋਏ ਪੰਜ ਸਮਝੌਤਿਆਂ ਉੱਤੇਦਸਤਖਤ ਕੀਤੇ ਹਨ।

ਵਰਨਣ ਯੋਗ ਹੈ ਕਿ ਚੀਨੀ ਵਿਦੇਸ਼ ਮੰਤਰੀ ਵਾਂਗ ਪਾਕਿਸਤਾਨੀ ਵਿਦੇਸ਼ ਮੰਤਰੀ ਕੁਰੈਸ਼ੀ ਦੇ ਸੱਦੇ ਉੱਤੇ ਵਿਸ਼ੇਸ਼ ਮਹਿਮਾਨ ਵਜੋਂ ਇਸਲਾਮਿਕ ਸਹਿਯੋਗ ਸੰਗਠਨ (ਓ ਆਈ ਸੀ) ਦੇ ਵਿਦੇਸ਼ ਮੰਤਰੀਆਂ ਦੀ ਬੈਠਕ ਵਿੱਚ ਹਿੱਸਾ ਲੈਣ ਦੇ ਲਈ ਇਸਲਾਮਾਬਾਦ ਪੁੱਜੇ ਹਨ। ਦੋਵਾਂ ਦੇਸ਼ਾਂ ਵਿਚਕੱਲ੍ਹ ਹੋਏ ਸਮਝੌਤਿਆਂ ਵਿੱਚ ਉਚ ਸਿੱਖਿਆ ਸਰਟੀਫਿਕੇਟ ਤੇ ਡਿਗਰੀ ਦੀ ਆਪਸੀ ਮਾਨਤਾ, ਭੂ ਵਿਗਿਆਨ ਸਬੰਧੀ ਸਾਂਝੇ ਅਧਿਐਨ ਕੇਂਦਰ ਪ੍ਰੋਜੈਕਟ, ਖੇਤੀ ਯੰਤਰ ਅਤੇ ਸਮੱਗਰੀ ਅਤੇ ਖੇਤੀ ਤਕਨੀਕ ਦੇ ਲੈਣ-ਦੇਣ ਆਦਿ ਪ੍ਰਾਜੈਕਟ ਸ਼ਾਮਲ ਹਨ। ਵਿਦੇਸ਼ ਮੰਤਰੀਆਂ ਨੇ ਦੁਵੱਲੀ ਰਣਨੀਤੀ, ਆਰਥਿਕ ਤੇ ਸੁਰੱਖਿਆ ਸਹਿਯੋਗ, ਕੋਵਿਡ ਮਹਾਮਾਰੀ ਅਤੇ ਖੇਤਰੀ ਤੇ ਕਈ ਕੌਮਾਂਤਰੀ ਮੁੱਦਿਆਂ ਉੱਤੇ ਵਿਚਾਰ ਪ੍ਰਗਟੇ ਕੀਤੇ ਹਨ। ਕੁਰੈਸ਼ੀ ਨੇ ਅਫਗਾਨਿਸਤਾਨ ਵਿੱਚ ਸ਼ਾਂਤੀ ਤੇ ਸਥਿਰਤਾ ਲਈ ਮਿਲ ਕੇ ਕੰਮ ਕਰਨ ਉੱਤੇ ਜ਼ੋਰ ਦਿੱਤਾ।ਚੀਨ ਤੇ ਪਾਕਿਸਤਾਨ ਨੇ ਰੂਸ ਖਿਲਾਫ ਲਗਾਈਆਂ ਜਾ ਰਹੀਆਂ ਇਕਪਾਸੜ ਪਾਬੰਦੀਆਂ ਦੇ ਪ੍ਰਭਾਵ ਉੱਤੇ ਚਿੰਤਾ ਪ੍ਰਗਟਾਈ ਹੈ। ਚੀਨੀ ਵਿਦੇਸ਼ ਮੰਤਰਾਲੇ ਨੇ ਦੱਸਿਆ ਕਿ ਦੋਵਾਂ ਦੇਸ਼ਾਂ ਨੇ ਜੰਗਬੰਦੀ ਤੇ ਕੂਟਨੀਤੀ ਮਾਧਿਅਮਾਂ ਨਾਲ ਸੰਕਟ ਦਾ ਹੱਲ ਕੱਢਣ ਦੀ ਅਪੀਲ ਕੀਤੀ ਹੈ।

## ਪੱਤਰਕਾਰ ਸਿੱਦੀਕੀ ਦਾ ਪਰਵਾਰ ਕੌਮਾਂਤਰੀ ਅਦਾਲਤ ਵੱਲ ਤੁਰਿਆ



ਨਵੀਂ ਦਿੱਲੀ, 23 ਮਾਰਚ (ਪੋਸਟ ਬਿਊਰੋ)- ਪੁਲਿਤਜ਼ਰ ਐਵਾਰਡ ਜੇਤੂ ਮਰਹੂਮ ਫੋਟੋ ਪੱਤਰਕਾਰ ਦਾਨਿਸ਼ ਸਿੱਦੀਕੀ ਦੇ ਪਰਵਾਰ ਨੇ ਉਸ ਦੀ ਹੱਤਿਆ ਦੀ ਜਾਂਚ ਲਈ ਕੌਮਾਂਤਰੀ ਅਪਰਾਧ ਅਦਾਲਤ ਤਕ ਪਹੁੰਚ ਕੀਤੀ ਅਤੇ ਦਾਨਿਸ਼ ਦੀ ਹੱਤਿਆ ਲਈ ਜ਼ਿੰਮੇਵਾਰ ਲੋਕਾਂ, ਜਿਨ੍ਹਾਂ ਵਿੱਚ ਤਾਲਿਬਾਨ ਆਗੂ ਸ਼ਾਮਲ ਹਨ, ਨੂੰ ਸਜ਼ਾ ਦਿਵਾਉਣ ਦੀ ਮੰਗ ਕੀਤੀ ਹੈ।

ਵਰਨਣ ਯੋਗ ਹੈ ਕਿ ਦਾਨਿਸ਼ ਸਿੱਦੀਕੀ (38) ਪਿਛਲੇ ਸਾਲ ਅਫਗਾਨਿਸਤਾਨ ਵਿੱਚ ਡਿਊਟੀ ਉੱਤੇ ਸਨ ਜਦ 16 ਜੁਲਾਈ ਨੂੰ ਉਨ੍ਹਾਂ ਦੀ ਹੱਤਿਆ ਹੋ ਗਈ ਸੀ। ਫੋਟੋ ਪੱਤਰਕਾਰ ਦਾਨਿਸ਼ ਸਿੱਦੀਕੀ ਓਥੇ ਤਾਲਿਬਾਨ ਤੇ ਅਫਗਾਨ ਦਸਤਿਆਂ ਵਿਚਾਲੇ ਹੋ ਰਹੀ ਜੰਗ ਨੂੰ ਕਵਰ ਕਰ ਰਿਹਾ ਸੀ। ਇਸ ਬਾਰੇ ਪਰਵਾਰ ਦੇ ਵਕੀਲ ਨੇ ਅਦਾਲਤ ਨੂੰ ਸ਼ਿਕਾਇਤ ਭੇਜ ਦਿੱਤੀ ਹੈ। ਅਫਗਾਨਿਸਤਾਨ ਦੇ ਕਾਰਜਕਾਰੀ ਪ੍ਰਧਾਨ ਮੰਤਰੀ ਮੁਹੰਮਦ ਹਸਨ ਅਖੁੰਦ ਅਤੇ ਉਪ ਪ੍ਰਧਾਨ ਮੰਤਰੀ ਅਬਦੁਲ ਗਨੀ ਬਰਾਦਰ ਖਿਲਾਫ ਵੀ ਸ਼ਿਕਾਇਤ ਭੇਜੀ ਗਈ ਹੈ। ਉਨ੍ਹਾਂ ਕਿਹਾ ਕਿ ਉਹ ਇਸ ਬਾਰੇ ਭਾਰਤ ਸਰਕਾਰ ਤੋਂ ਮਦਦ ਮੰਗਣਗੇ।

## ਫਿਚ ਨੇ ਭਾਰਤ ਦਾ ਵਿਕਾਸ ਅਨੁਮਾਨ ਘਟਾ ਕੇ 8.5 ਫੀਸਦ ਕੀਤਾ




ਨਵੀਂ ਦਿੱਲੀ, 23 ਮਾਰਚ (ਪੋਸਟ ਬਿਊਰੋ)- ਰੇਟਿੰਗ ਏਜੰਸੀ ਫਿਚ ਨੇ ਅਗਲੇ ਵਿੱਤੀ ਸਾਲ ਲਈ ਭਾਰਤ ਦੀ ਵਿਕਾਸ ਦਰ ਦੇ ਅਨੁਮਾਨ ਨੂੰ 10.3 ਫੀਸਦੀ ਤੋਂ ਘਟਾ ਕੇ 8.5 ਫੀਸਦ ਕਰ ਦਿੱਤਾ ਹੈ। ਇਸ ਤਰ੍ਹਾਂ ਕਰਨ ਪਿੱਛੇ ਉਸ ਨੇ ਰੂਸ-ਯੂਕਰੇਨ ਜੰਗ ਕਾਰਨ ਊਰਜਾ ਕੀਮਤਾਂ ਵਿੱਚ ਤੇਜ਼ੀ ਤੇ ਵਧਦੀ ਮਹਿੰਗਾਈ ਦਾ ਹਵਾਲਾ ਦਿੱਤਾ ਹੈ।

ਮਿਲੀ ਜਾਣਕਾਰੀ ਅਨੁਸਾਰ ਏਜੰਸੀ ਨੇ ਚਾਲੂ ਵਿੱਤੀ ਸਾਲ ਲਈ ਕੁੱਲ ਘਰੇਲੂ ਉਤਪਾਦ (ਡੀ ਜੀ ਪੀ) ਦੇ ਵਿਕਾਸ ਅਨੁਮਾਨ ਨੂੰ 0.6 ਫੀਸਦੀ ਅੰਕ ਤਕ ਵਧਾਇਆ ਅਤੇ ਇਸ ਨੂੰ ਸੋਧ ਕੇ 8.7 ਫੀਸਦੀ ਕਰ ਦਿੱਤਾ ਹੈ। ਫਿਚ ਨੇ ਅਗਲੇ ਵਿੱਤੀ ਸਾਲ ਲਈ ਵਿਸ਼ਵ ਦੀ ਵਿਕਾਸ ਦਰ ਦੇ ਅਨੁਮਾਨ ਨੂੰ 0.7 ਫੀਸਦੀ ਪੁਆਇੰਟ ਘਟਾ ਕੇ 3.6 ਫੀਸਦੀ ਕਰ ਦਿੱਤਾ ਅਤੇ ਉਸ ਨੇ ਆਪਣੀ ਮਹਿੰਗਾਈ ਦਰ ਦੇ ਪੇਸ਼ਗੀ ਅਨੁਮਾਨਾਂ ਵਿੱਚ ਸੋਧ ਕਰ ਕੇ ਕਿਹਾ ਕਿ ਅਸੀਂ ਵਿੱਤੀ ਸਾਲ 2022-23 ਲਈ ਆਪਣੇ ਵਿਕਾਸ ਦਰ ਦੇ ਪੇਸ਼ਗੀ ਅਨੁਮਾਨ ਨੂੰ ਉਚ ਊਰਜਾ ਕੀਮਤਾਂ ਵਿੱਚ ਤੇਜ਼ੀ ਕਾਰਨ 8.5 ਫੀਸਦੀ ਤਕ ਘੱਟ ਕੀਤਾ ਹੈ। ਵਿੱਤੀ ਸਾਲ 2023-24 ਲਈ ਇਸ ਨੂੰ ਸੱਤ ਫੀਸਦੀ ਰੱਖਿਆ ਗਿਆ ਹੈ।

ਸੰਸਾਰ ਆਰਥਿਕ ਹਾਲਾਤ ਮਾਰਚ 2022 ਬਾਰੇ ਫਿਚ ਨੇ ਕਿਹਾ ਕਿ ਕੋਰੋਨਾ ਮਹਾਮਾਰੀ ਦੇ ਘੱਟ ਹੁੰਦੇ ਅਸਰ ਨਾਲ ਸੰਭਾਵਤ ਤੌਰ ਉੱਤੇਸੰਸਾਰ ਸਪਲਾਈ ਝਟਕੇ ਨਾਲ ਪ੍ਰਭਾਵਤ ਹੋ ਰਹੀ ਹੈ, ਜੋ ਨਾ ਸਿਰਫ ਵਿਕਾਸ ਦੀ ਰਫਤਾਰ ਮੱਠੀ ਕਰੇਗੀ, ਸਗੋਂ ਮਹਿੰਗਾਈ ਦਰ ਵੀ ਵਧਾਏਗੀ। ਯੂਕਰੇਨ ਵਿੱਚ ਜੰਗ ਅਤੇ ਰੂਸ ਉੱਤੇ ਆਰਥਿਕ ਪਾਬੰਦੀਆਂ ਨੇ ਸੰਸਾਰ ਊਰਜਾ ਸਪਲਾਈ ਨੂੰ ਖਤਰੇ ਵਿੱਚ ਪਾ ਦਿੱਤਾ ਹੈ। ਪਿਛਲੇ ਹਫਤੇ ਇੱਕ ਹੋਰ ਸੰਸਾਰ ਰੇਟਿੰਗ ਏਜੰਸੀ ਮੂਡੀਜ਼ ਨੇ 2022 ਕੈਲੰਡਰ ਸਾਲ ਲਈ ਭਾਰਤ ਦੀ ਵਿਕਾਸ ਦਰ ਦਾ ਅਨੁਮਾਨ 9.5 ਫੀਸਦੀ ਤੋਂ ਘਟਾ ਕੇ 9.1 ਫੀਸਦੀ ਕਰ ਦਿੱਤਾ ਸੀ। ਉਸ ਨੇ ਇਸ ਲਈ ਵਧਦੇ ਦਰਾਮਦ ਬਿੱਲ ਦਾ ਹਵਾਲਾ ਦਿੱਤਾ ਸੀ।ਰੂਸ ਦੁਨੀਆ ਦੀਆਂ ਕਰੀਬ 10 ਫੀਸਦੀ ਊਰਜਾ ਜ਼ਰੂਰਤਾਂ ਦੀ ਸਪਲਾਈ ਕਰਦਾ ਹੈ। ਇਸ ਵਿੱਚ ਕੁਦਰਤੀ ਗੈਸ ਦਾ ਹਿੱਸਾ ਜਿੱਥੇ 17 ਫੀਸਦੀ ਹੈ, ਉਥੇ ਹੀ ਕੱਚੇ ਤੇਲ ਦਾ ਹਿੱਸਾ 12 ਫੀਸਦੀ ਹੈ। ਫਿਚ ਦਾ ਮੰਨਣਾ ਹੈ ਕਿ ਤੇਲ ਉੱਤੇ ਗੈਸ ਦੀਆਂ ਕੀਮਤਾਂ ਵਿੱਚ ਉਛਾਲ ਆਉਣ ਨਾਲ ਸਨਅਤਾਂ ਦੀ ਲਾਗਤ ਵੀ ਵਧੇਗੀ, ਜਿਸ ਨਾਲ ਖਪਤਕਾਰਾਂ ਕੋਲ ਖਰਚ ਕਰਨ ਲਈ ਘੱਟ ਪੈਸੇ ਬਚਣਗੇ।

## ਦਿੱਲੀ ਦੇ ਸੈਨਿਕ ਸਕੂਲ ਦਾ ਨਾਮ ਸ਼ਹੀਦ ਭਗਤ ਸਿੰਘ ਦੇ ਨਾਂਅ ਉੱਤੇ ਰੱਖਿਆ

ਨਵੀਂ ਦਿੱਲੀ, 23 ਮਾਰਚ (ਪੋਸਟ ਬਿਊਰੋ)- ਵਿਦਿਆਰਥੀਆਂ ਨੂੰ ਫੌਜ ਵਿੱਚ ਭਰਤੀ ਦੀ ਸਿਖਲਾਈ ਦੇਣਵਾਸਤੇ ਦਿੱਲੀ ਸਰਕਾਰ ਵੱਲੋਂ ਤਿਆਰ ਕੀਤੇ ਜਾ ਰਹੇ ਸੈਨਿਕ ਸਕੂਲ ਦਾ ਨਾਂਅ ਸ਼ਹੀਦ ਭਗਤ ਸਿੰਘ ਦੇ ਨਾਂਅ ਉੱਤੇਰੱਖਿਆ ਜਾਵੇਗਾ। ਇਹ ਐਲਾਨ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਪ੍ਰੈਸ ਕਾਨਫ਼ਰੰਸ ਵਿੱਚ ਕੀਤਾ ਹੈ।

ਕੇਜਰੀਵਾਲ ਨੇ ਕਿਹਾ ਕਿ ਆਧੁਨਿਕ ਸੁਵਿਧਾਵਾਂ ਨਾਲ ਲੈਸ ਇਹ ਸਕੂਲ ਝੜੌਦਾ ਕਲਾਂ ਵਿੱਚ 14 ਏਕੜ ਵਿੱਚ ਬਣਾਇਆ ਜਾਵੇਗਾ। ਦਿੱਲੀ ਵਿੱਚ ਰਹਿਣ ਵਾਲਾ ਕੋਈ ਵੀ ਬੱਚਾ 9ਵੀਂ ਅਤੇ 11ਵੀਂ ਜਮਾਤ ਵਿੱਚ ਦਾਖਲਾ ਲੈ ਸਕਦਾ ਹੈ। ਦੋਵੇਂ ਕਲਾਸਾਂ ਲਈ 100-100 ਸੀਟਾਂ ਹੋਣਗੀਆਂ। ਕੇਜਰੀਵਾਲ ਨੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਸ਼ਹਾਦਤ ਦਿਵਸ ਤੋਂ ਇੱਕ ਦਿਨ ਪਹਿਲਾਂ ਉਕਤ ਐਲਾਨ ਕਰਦਿਆਂ ਕਿਹਾ ਕਿ ਸਕੂਲ ਵਿੱਚ ਪੜ੍ਹਾਈ ਤੋਂ ਲੈ ਕੇ ਸਭ ਕੁਝ ਮੁਫ਼ਤ ਹੋਵੇਗਾ। ਰਿਹਾਇਸ਼ੀ ਸਕੂਲ ਵਿੱਚ ਕੁੜੀਆਂ ਅਤੇ ਮੁੰਡਿਆਂ ਦੇ ਰਹਿਣ ਦੀ ਵੱਖ-ਵੱਖ ਵਿਵਸਥਾ ਕੀਤੀ ਜਾਵੇਗੀ। ਵਰਨਣ ਯੋਗ ਹੈ ਕਿ 20 ਦਸੰਬਰ ਨੂੰ ਦਿੱਲੀ ਕੈਬਨਿਟ ਵੱਲੋਂ ਲਏ ਫ਼ੈਸਲੇ ਵਿੱਚ ਕਿਹਾ ਗਿਆ ਹੈ ਕਿ ਦਿੱਲੀ ਵਿੱਚ ਇੱਕ ਅਜਿਹਾ ਸਕੂਲ ਬਣਾਇਆ ਜਾਵੇਗਾ, ਜਿੱਥੇ ਬੱਚਿਆਂ ਨੂੰ ਹਥਿਆਰਬੰਦ ਫ਼ੌਜ, ਜਲ ਸੈਨਾ ਅਤੇ ਹਵਾਈ ਸੈਨਾ ਵਿੱਚ ਭਰਤੀ ਲਈ ਸਿਖਲਾਈ ਦਿੱਤੀ ਜਾਵੇਗੀ। ਕੇਜਰੀਵਾਲ ਨੇ ਦਾਅਵਾ ਕੀਤਾ ਕਿ ਇਸੇ ਸਾਲ ਕਲਾਸ ਸ਼ੁਰੂ ਕੀਤੀ ਜਾਵੇਗੀ। 27 ਮਾਰਚ ਨੂੰ 9ਵੀਂ ਅਤੇ 28 ਮਾਰਚ ਨੂੰ 11ਵੀਂ ਕਲਾਸ ਦੇ ਦਾਖ਼ਲੇ ਲਈ ਪ੍ਰੀਖਿਆਵਾਂ ਹੋਣਗੀਆਂ। ਉਨ੍ਹਾਂ ਕਿਹਾ ਕਿ ਦੋਹਾਂ ਕਲਾਸਾਂ ਦੀਆਂ 200 ਸੀਟਾਂ ਲਈ 18 ਹਜ਼ਾਰ ਅਰਜ਼ੀਆਂ ਆ ਚੁੱਕੀਆਂ ਹਨ। 27 ਤੋਂ 28 ਮਾਰਚ ਨੂੰ ਹੋਣ ਵਾਲੀਆਂ ਪ੍ਰੀਖਿਆ ਦੇ ਆਧਾਰ ਉੱਤੇ ਹੀ ਬੱਚਿਆਂ ਨੂੰ ਸਕੂਲ ਵਿੱਚ ਦਾਖ਼ਲਾ ਮਿਲੇਗਾ ਅਤੇ ਸਿਖਲਾਈ ਦੇਣ ਲਈ ਤਿੰਨੋਂ ਫੌਜਾਂ ਦੇ ਸੇਵਾਮੁਕਤ ਅਫ਼ਸਰ ਹੋਣਗੇ।

## ਹਰਿਆਣਾ ਵਿੱਚ 50 ਵਰ੍ਹੇ ਪੁਰਾਣੇ ਜ਼ਮੀਨੀ ਵਿਵਾਦਾਂ ਲਈ ਨਵਾਂ ਕਾਨੂੰਨ ਬਣਿਆ

* ਨਵੀਂ ਪੀੜ੍ਹੀ ਦਾਅਵਾ ਨਹੀਂ ਕਰ ਸਕੇਗੀ



ਨਵੀਂ ਦਿੱਲੀ, 23 ਮਾਰਚ (ਪੋਸਟ ਬਿਊਰੋ)- ਹਰਿਆਣਾ ਵਿੱਚ ਰਹਿੰਦੇ ਲੋਕਾਂ ਦੇ ਵੱਡਿਆਂ ਨੇ ਜੇ ਸਰਕਾਰ ਨੂੰ ਕੋਈ ਜ਼ਮੀਨ ਦਾਨ ਜਾਂ ਤੋਹਫੇ ਵਜੋਂ ਦਿੱਤੀ ਹੈ ਤਾਂ ਉਸ ਉੱਤੇ ਨਵੀਂ ਪੀੜ੍ਹੀ ਦਾਅਵਾ ਨਹੀਂ ਪੇਸ਼ ਕਰ ਸਕੇਗੀ।

ਇਸ ਸੰਬੰਧ ਵਿੱਚ ਹਰਿਆਣਾ ਦੀ ਮਨੋਹਰ ਲਾਲ ਖੱਟਰ ਸਰਕਾਰ ਨੇ ਪੰਜਾਹ ਸਾਲ ਪੁਰਾਣੇ ਜ਼ਮੀਨੀ ਕੇਸਾਂ ਦਾ ਹੱਲ ਕਰਨ ਲਈ ਪਹਿਲਕੀਤੀ ਅਤੇ ਕਾਨੂੰਨੀ ਵਿਵਸਥਾਵਾਂ ਕੀਤੀਆਂ ਤੇ ਨਾਲ ਇਹ ਤੈਅ ਕੀਤਾ ਹੈ ਕਿ ਜੇ ਕਿਸੇ ਨੂੰ ਇਤਰਾਜ਼ ਹੋਵੇ ਤਾਂ ਉਹ ਨੱਬੇ ਦਿਨਾਂ ਅੰਦਰ ਦਰਜ ਕਰਵਾ ਸਕਦਾ ਹੈ। ਅਸਲ ਵਿੱਚ ਹਰਿਆਣਾ ਿ ਸਰਕਾਰ ਨੇ ਵਿਕਾਸ ਯੋਜਨਾਵਾਂ ਲਈ ਦਿੱਤੀਆਂ ਜ਼ਮੀਨਾਂ ਸਬੰਧੀ ਵਿਵਾਦ ਖਤਮ ਕਰਨ ਲਈ ਪਹਿਲ ਕੀਤੀ ਹੈ। ਜਨਤਕ ਕੰਮਾਂ ਤੇ ਵਿਕਾਸ ਪ੍ਰੋਜੈਕਟਾਂ ਲਈ ਸਰਕਾਰ ਨੰ ਦਿੱਤੀਆਂ ਪਿਤਾ-ਦਾਦਾ (ਵੱਡਿਆਂ) ਦੀਆਂ ਪੁਰਾਣੀਆਂ ਜ਼ਮੀਨਾਂ ਉੱਤੇ ਨਵੀਂ ਪੀੜ੍ਹੀ ਦੇ ਲੋਕਾਂ ਦਾ ਕੋਈ ਹੱਕ ਨਹੀਂ ਹੋਵੇਗਾ। ਸੂਬਾ ਸਰਕਾਰ ਨੇ ਕਾਨੂੰਨ ਬਣਾ ਕੇ ਵਿਵਸਥਾ ਕੀਤੀ ਹੈ ਕਿ ਕਿਸੇ ਵੀ ਅਜਿਹੀ ਜ਼ਮੀਨ ਉਤੇ ਮਾਲਕ ਨੱਬੇ ਦਿਨਾਂ ਦੇ ਅੰਦਰ ਆਪਣਾ ਇਤਰਾਜ਼ ਦਰਜ ਕਰਵਾ ਸਕਦਾ ਹੈ। ਇਸ ਤੋਂ ਵੱਧ ਦੇਰੀ ਹੋਣ ਉੱਤੇ ਕਿਸੇ ਵੀ ਵਿਅਕਤੀ ਦੀ ਸਬੰਧਤ ਜ਼ਮੀਨ ਉਤੇ ਨਾ ਦਾਅਵੇਦਾਰੀ ਨੂੰ ਮੰਨਿਆ ਜਾਵੇਗਾ ਤੇ ਨਾ ਉਸ ਦੀ ਗੱਲ ਸੁਣੀ ਜਾਵੇਗੀ।

ਮੁੱਖ ਮੰਤਰੀ ਖੱਟਰ ਨੇ ਸਦਨ ਵਿੱਚ ਕਿਹਾ ਕਿ ਇਸ ਨਾਲ ਪੁਰਾਣੇ ਕੇਸ ਹੱਲ ਕਰਨ ਵਿੱਚ ਮਦਦ ਮਿਲੇਗੀ। ਉਨ੍ਹਾ ਨੇ ਦੱਸਿਆ ਕਿ ਪੰਜਾਹ ਸਾਲ ਪਹਿਲਾਂ ਲੋਕ ਆਪਣੀ ਜ਼ਮੀਨ ਸਰਕਾਰ ਨੂੰ ਵਿਕਾਸ ਪ੍ਰੋਜੈਕਟਾਂ ਲਈ ਦਾਨ ਜਾਂ ਤੋਹਫੇ ਵਜੋਂ ਦਿੰਦੇ ਸਨ। ਉਸ ਸਮੇਂ ਜ਼ਮੀਨ ਕਾਫੀ ਸਸਤੀ ਹੁੰਦੀ ਸੀ ਤੇ ਸਰਕਾਰ ਨੂੰ ਦਿੱਤੀ ਜਾਂਦੀ ਜ਼ਮੀਨ ਦਾ ਸਾਰਾ ਕੰਮ ਜ਼ੁਬਾਨੀ ਹੁੰਦਾ ਸੀ। ਓਦੋਂ ਦਾਨ ਜਾਂ ਤੋਹਫੇ ਵਿੱਚ ਜ਼ਮੀਨ ਦੇਣ ਵਾਲਿਆਂ ਦੀਆਂ ਨਵੀਆਂ ਪੀੜ੍ਹੀਆਂ ਅਦਾਲਤ ਚਲੀਆਂ ਜਾਂਦੀਆਂ ਤੇ ਦਾਅਵਾ ਕਰਦੀਆਂ ਹਨ ਕਿ ਇਹ ਜ਼ਮੀਨ ਉਨ੍ਹਾਂ ਦੀ ਹੈ। ਬਹੁਤੇ ਕੇਸਵੱਧ ਮੁਆਵਜ਼ੇ ਦੇ ਲਾਲਚ ਵਿੱਚ ਹੁੰਦੇ ਹਨ।ਜੇ ਸਰਕਾਰੀ ਪ੍ਰੋਜੈਕਟ ਲਈ ਅੱਜ ਕੋਈ ਜ਼ਮੀਨ ਲਈ ਜਾਂਦੀ ਹੈ ਤਾਂ ਉਸ ਦਾ ਮੁਕੰਮਲ ਦਸਤਾਵੇਜ਼ੀ ਕੰਮ ਹੁੰਦਾ ਹੈ। ਵਿਵਾਦ ਦੇ ਇਹ ਸਾਰੇ ਮਾਮਲੇ ਵੀਹ, ਤੀਹ ਅਤੇ ਪੰਜਾਹ ਸਾਲ ਪੁਰਾਣੇ ਹਨ।




**ਆਪਣੇ ਮਨ ਪਸੰਦ ਦੇ ਸੂਟ, ਸ਼ਾਲ, ਲਹਿੰਗਾ ਅਤੇ ਡੀਜ਼ਾਈਨਰ ਸੂਟ ਲੈਣ ਲਈ ਸੰਪਰਕ ਕਰੋ:**

**01191-9779100149**





# ਕਈ ਜ਼ਿਲ੍ਹਿਆਂ ਦਾ ਕੰਮ ਇੱਕੋ ਸਹਾਇਕ ਕਿਰਤ ਕਮਿਸ਼ਨਰ ਦੇਖ ਰਿਹੈ

ਬਠਿੰਡਾ, 23 ਮਾਰਚ (ਪੋਸਟ ਬਿਊਰੋ)- ਪੰਜਾਬ ਵਿੱਚ ਸਹਾਇਕ ਲੇਬਰ ਕਮਿਸ਼ਨਰਾਂ (ਜ਼ਿਲ੍ਹਾ ਇੰਚਾਰਜਾਂ) ਦੀ ਘਾਟ ਹੋਣ ਕਾਰਨ ਇੱਕ-ਇੱਕ ਸਹਾਇਕ ਲੇਬਰ ਕਮਿਸ਼ਨਰ (ਏ ਐੱਲ ਸੀ) ਨੂੰ ਕਈ ਜ਼ਿਲ੍ਹਿਆਂ ਦਾ ਵਾਧੂ ਚਾਰਜ ਦਿੱਤਾ ਹੋਇਆ ਹੈ, ਜਿਸ ਕਾਰਨ ਪਿਛਲੇ ਕੁਝ ਸਾਲਾਂ ਤੋਂ ਵਿਭਾਗ ਦੀਆਂ ਜ਼ਿਲ੍ਹਾ ਇਕਾਈਆਂ ਦਾ ਕੰਮਬੁਰੀ ਤਰ੍ਹਾਂ ਪ੍ਰਭਾਵਤ ਹੈ।

ਮਿਲੀ ਸੂਚਨਾ ਅਨੁਸਾਰ ਸਰਕਾਰੀ ਵਿਭਾਗਾਂ ਦੇ ਨਾਲ-ਨਾਲ ਨਿੱਜੀ ਖੇਤਰ ਵਿੱਚ ਕੰਮ ਕਰਦੇ ਕਿਰਤੀ ਵਰਗ ਦੀਆਂ ਸੈਂਕੜੇ ਸ਼ਿਕਾਇਤਾਂ ਇਨ੍ਹਾਂ ਏ ਐੱਲ ਸੀ ਦਫਤਰਾਂ ਵਿੱਚ ਪਈਆਂ ਹਨ।ਸੂਤਰਾਂ ਮੁਤਾਬਕ ਫਿਰੋਜ਼ਪੁਰ ਜ਼ਿਲ੍ਹੇ ਵਿੱਚ ਤੈਨਾਤ ਸਹਾਇਕ ਕਿਰਤ ਕਮਿਸ਼ਨਰ (ਏ ਐੱਲ ਸੀ) ਕੋਲ ਬਠਿੰਡਾ, ਪਠਾਨਕੋਟ, ਮਾਨਸਾ ਤੇ ਗੁਰਦਾ-ਸਪੁਰ ਜ਼ਿਲ੍ਹਿਆਂ ਦਾ ਵਾਧੂ ਚਾਰਜ ਵੀ ਹੈ। ਇਸੇ ਤਰ੍ਹਾਂ ਮੋਗਾ ਜ਼ਿਲ੍ਹੇ ਵਿਚਲੇ ਏ ਐੱਲ ਸੀ ਕੋਲ ਫਰੀਦਕੋਟ ਅਤੇ ਮੁਕਤਸਰ ਜ਼ਿਲ੍ਹਿਆਂ ਦਾ ਵਾਧੂ ਚਾਰਜ ਹੈ। ਉਹ ਲੁਧਿਆਣਾ ਜ਼ਿਲ੍ਹੇ ਦਾ ਵੀ ਕੁਝ ਕੰਮ ਸੰਭਾਲਦੇ ਹਨ। ਵਿਭਾਗ ਦੇ ਮੁੱਖ ਕੰਮ ਸੰਭਾਲਣ ਤੋਂ ਇਲਾਵਾ ਇਹ ਏ ਐੱਲ ਸੀਜ਼ ਅਦਾਲਤੀ ਕੇਸਾਂ ਦੀਪੈਰਵੀ ਅਤੇ ਰੋਜ਼ਾਨਾ ਆਧਾਰ ਉੱਤੇਡਿਪਟੀ ਕਮਿਸ਼ਨਰਅਤੇ ਕਿਰਤ ਵਿਭਾਗ ਦੇ ਸੀਨੀਅਰ ਅਧਿਕਾਰੀਆਂ ਵੱਲੋਂ ਕੀਤੀਆਂ ਜਾਂਦੀਆਂ ਮੀਟਿੰਗਾਂ ਵਿੱਚ ਸ਼ਾਮਲ ਹੋਣ ਲਈ ਵੱਖ-ਵੱਖ ਜ਼ਿਲਿਆਂ ਵਿੱਚਵੀ ਜਾਂਦੇ ਹਨ। ਇਸ ਬਾਰੇ ਫਿਰੋਜ਼ਪੁਰ ਵਿਚਲੇ ਏ ਐੱਲ ਸੀ ਸੁਨੀਲ ਕੁਮਾਰ ਨੇ ਦੱਸਿਆ ਕਿ ਉਨ੍ਹਾਂ ਇੱਕ ਕੇਸ ਲਈ ਚੰਡੀਗੜ੍ਹ ਅਦਾਲਤ ਵਿੱਚ ਜਾਣਾ ਸੀ, ਇਸ ਕਰ ਕੇ ਬਠਿੰਡਾ ਦਫਤਰ ਨਹੀਂ ਜਾ ਸਕੇ। ਸਾਰੇ ਜ਼ਿਲ੍ਹਿਆਂ ਵਿੱਚ ਸਥਿਤੀ ਕੁਝ ਅਜਿਹੀ ਹੀ ਹੈ ਤੇ ਵਿਭਾਗ ਵੱਲੋਂ ਕੀਤੇ ਗਏ ਪ੍ਰਬੰਧਾਂ ਤਹਿਤ ਇੱਕ ਏ ਐੱਲ ਸੀ ਨੂੰ ਦੂਜੇ ਜ਼ਿਲ੍ਹਿਆਂ ਦਾ ਵਾਧੂ ਚਾਰਜ ਵੀ ਦਿੱਤਾ ਗਿਆ ਹੈ। ਇਸ ਦੌਰਾਨ ਲੇਬਰ ਕਮਿਸ਼ਨਰ ਪੰਜਾਬ ਨੇ ਕਿਹਾ ਕਿ ਨਵੀਂ ਬਣੀ ਸਰਕਾਰ ਨੇ ਵੱਖ-ਵੱਖ ਵਿਭਾਗਾਂ ਵਿੱਚ ਨਵੀਆਂ ਨਿਯੁਕਤੀਆਂ ਦਾ ਐਲਾਨ ਕੀਤਾ ਹੈ। ਇਸ ਲਈ ਉਨ੍ਹਾਂ ਨੂੰ ਹੋਰ ਸਟਾਫ ਮਿਲਣ ਦੀ ਆਸ ਬੱਝੀ ਹੈ।

# ਅਮਰੀਕਾ ਭੇਜਣ ਦੇ ਨਾਂਅ ਉਤੇ 29.50 ਲੱਖ ਰੁਪਏ ਠੱਗੇ

ਬੇਗੋਵਾਲ, 23 ਮਾਰਚ (ਪੋਸਟ ਬਿਊਰੋ)- ਇੱਕ ਨੌਜਵਾਨ ਨੂੰ ਗਲਤ ਢੰਗ ਨਾਲ ਅਮਰੀਕਾ ਭੇਜਣ ਦੇ ਨਾਂਅ ਉੱਤੇ 29 ਲੱਖ ਪੰਜਾਹ ਹਜ਼ਾਰ ਰੁਪਏ ਦੀ ਠੱਗੀ ਮਾਰਨ ਦੇ ਦੋਸ਼ ਵਿੱਚ ਜਲੰਧਰ ਵਾਸੀ ਏਜੰਟ ਖਿਲਾਫ ਕੇਸ ਦਰਜ ਕੀਤਾ ਗਿਆ ਹੈ। ਟਰੈਵਲ ਏਜੰਟ ਦੀ ਪਛਾਣ ਭੁਪਿੰਦਰਜੀਤ ਸਿੰਘ ਵਾਸੀ 91 ਕਰੋਲ ਬਾਗ, ਚੁਗਿੱਟੀ ਜਲੰਧਰ ਵਜੋਂ ਹੋਈ ਹੈ।




ਇਹ ਮਾਮਲਾ ਕੁਲਦੀਪ ਕੌਰ ਵਾਸੀ ਨੰਗਲ ਲੁਬਾਣਾ ਦੇ ਬਿਆਨਾਂ ਉੱਤੇ ਦਰਜ ਕੀਤਾ ਗਿਆ ਹੈ। ਡੀ ਐਸ ਪੀ ਨੇ ਦੱਸਿਆ ਕਿ ਸਰਬਜੀਤ ਸਿੰਘ ਨੂੰ ਅਮਰੀਕਾ ਭੇਜਣ ਲਈ ਉਸ ਟਰੈਵਲ ਏਜੰਟ ਨਾਲ 23 ਲੱਖ ਰੁਪਏ ਦਾ ਸੌਦਾ ਹੋਇਆ ਸੀ। ਇਸ ਦੌਰਾਨ ਭੁਪਿੰਦਰ ਸਿੰਘ 28 ਮਾਰਚ 2016 ਨੂੰ ਸ਼ਿਕਾਇਤਕਰਤਾ ਦੇ ਘਰ ਆਇਆ ਤਾਂ ਤਿੰਨ ਲੱਖ ਰੁਪਏ ਅਤੇ ਸਰਬਜੀਤ ਸਿੰਘ ਦਾ ਪਾਸਪੋਰਟ ਲੈ ਆਇਆ। ਫਿਰ ਭੁਪਿੰਦਰਜੀਤ ਸਿੰਘ ਨੇ ਸਰਬਜੀਤ ਸਿੰਘ ਨੂੰ ਦਿੱਲੀ ਤੋਂ ਜਾਪਾਨ ਦੀ ਫਲਾਈਟ ਕਰਵਾ ਦਿੱਤੀ ਅਤੇ ਜਾਪਾਨ ਰਾਹੀਂ ਮੈਕਸੀਕੋ ਭੇਜ ਦਿੱਤਾ। ਉਸ ਨੇ ਵੀਹ ਲੱਖ ਰੁਪਏ ਹੋਰ ਮੰਗੇ, ਪਰ ਟਰੈਵਲ ਏਜੰਟ ਨੇ ਸਰਬਜੀਤ ਸਿੰਘ ਨੂੰ ਮੈਕਸੀਕੋ ਭੇਜ ਕੇ ਉਥੋਂ ਅਗਵਾ ਕਰਵਾ ਦਿੱਤਾ, ਜੋ ਲਗਭਗ ਤਿੰਨ ਮਹੀਨੇ ਤਕ ਅਗਵਾ ਰਿਹਾ। ਇਸ ਦੌਰਾਨ ਉਸ ਨਾਲ ਕੁੱਟਮਾਰ ਵੀ ਕੀਤੀ ਗਈ। ਅਗਵਾਕਰਤਾ ਬਾਅਦ ਵਿੱਚ ਉਨ੍ਹਾਂ ਤੋਂ ਹੋਰ ਪੈਸੇ ਦੀ ਮੰਗ ਕਰਨ ਲੱਗੇ। ਇਸ ਦੌਰਾਨ ਪੀੜਤ ਨੇ ਕੁਝ ਪੈਸੇ ਅਮਰੀਕਾ ਅਤੇ ਕੁਝ ਪੈਸੇ ਭਾਰਤ ਤੋਂ ਇਕੱਤਰ ਕਰ ਕੇ ਛੇ ਲੱਖ ਪੰਜਾਹ ਹਜ਼ਾਰ ਰੁਪਏ ਹੋਰ ਭੇਜੇ। ਪੀੜਤ ਨੇ ਕੁੱਲ 29 ਲੱਖ ਪੰਜਾਹ ਹਜ਼ਾਰ ਰੁਪਏ ਭੁਪਿੰਦਰਜੀਤ ਸਿੰਘ ਅਤੇ ਪੂਜਾ ਠਾਕੁਰ ਨੂੰ ਦਿੱਤੇ। ਪੁਲਸ ਨੇ ਮਾਮਲੇ ਦੀ ਜਾਂਚ ਕਰ ਕੇ ਉਕਤ ਟਰੈਵਲ ਏਜੰਟ ਖਿਲਾਫ ਕੇਸ ਦਰਜ ਕਰ ਲਿਆ ਹੈ।


ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202





## Matrimonial

ਰਿਸ਼ਤੇ ਹੀ ਰਿਸ਼ਤੇ


Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202


## ਲੜਕੇ ਦੀ ਲੋੜ

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5’11’’ ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5’1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5’2’’ ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ ’ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com


## ਪਲਾਟ ਵਿਕਾਊ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ ’ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।

ਫੋਨ ਨੰਬਰ 917837596119
647-760-2769







## ਫੋਨਾਂ ਦੇ ਸਸਤੇ ਪਲਾਨ ਗਾਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)


## ਲੜਕੀ ਦੀ ਲੋੜ

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5’11’’, B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਐਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5”8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013


Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post



**ਤੁਰੰਤ ਕਾਮਿਆਂ ਦੀ ਲੋੜ**

ਫਾਰਮ ਅਤੇ ਨਰਸਰੀ ਵਿਚ ਕੰਮ ਕਰਨ ਲਈ ਤੁਰੰਤ ਕਾਮਿਆਂ ਦੀ ਲੋੜ ਹੈ।

**ਸੰਪਰਕ ਕਰੋ: ਸੁਰਜੀਤ ਸਿੰਘ ਦਿਓਲ**
**647-391-3365**


## ਲੜਕੀ ਦੀ ਲੋੜ

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen
Contact on 6473004877
Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ ’ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5’11’’ ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ। ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5’9’’, ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5’9’’ ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੇਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ











## Urgently Need New Listings in Brampton/Caledon



visit: www.teamjagaujla.com

Call **JAG AUJLA**

MCNE, REAL ESTATE BROKER

DIR: 416-371-7777

j.aujla@rogers.com

www.jagaujla.com

Platinum Club Award (2020-2017) (2009-2018) (REMAX International)
Chairman's Club Award (2021, 2018, 2015, 2014, 2013, 2012, 2011, 2010)
Hall of Fame (2010)
Lifetime Achievement Award (2014)
Advertisement GUARANTEED Till SOLD
Follow Us:
MCNE

**CALL JAG FOR A QUICK & FREE HOME EVALUATION**

www BramptonTopRealtor.com    www BramptonTopAgent.com

**RECENTLY LISTED/SOLD IN YOUR NEIGHBOURHOOD BY JAG AUJLA**

**JUST LISTED FOR SALE**
* Premium Lot
* Approx. 2 Years New
* Over 2500 Square Feet
* 4 Bedroom + 3 W.R.
* Family Room Open To Above
* Computer Loft
* Main Floor Laundry
* Loaded With Upgrades

BRANTFORD, ONTARIO — Call Jag Aujla For Details

**JUST LISTED FOR SALE**
* 70 Feet Wide Prem. Lot
* 4+2 Bedrooms + 6 Washroom + Upgraded
* 2 Bedroom Legal Basement Apt.
* Fully Renovated
* Approx 4000 S/F Living space
* Almost Everything New

* Spent over $200k on upgrades

BRAMPTON, ONTARIO — Call Jag Aujla For Details

SOLD $215,000 OVER ASKING IN 2 DAYS — 42 Lawnview Crt — Sandalwood /Hwy 10 / Braidwood

SOLD $101,000 OVER ASKING IN 2 DAYS — 11 Germain Circ — Miss.Rd/ William Pkwy/ Bovaird

SOLD $165,000 OVER ASKING IN 2 DAYS — 5 Mitchell Ave — Sandalwood/ Conestoga/ Dalzell

SOLD @101% OF ASKING PRICE — 12 Laurelcrest St — Queen / Laurelcrest / Hwy 410

SOLD $260,000 OVER ASKING IN 4 DAYS — 10 Lady Stewart Blvd — Howden / William Pkwy/ Hwy 410

SOLD @99% OF ASKING PRICE — 11 Van Hoof Crest — Castlemore/ Goreway / Latania

SOLD $121,000 OVER ASKING IN 6 DAYS Caledon — 42 Pinedale Ave — Kennedy / Dougall

SOLD $73,000 OVER ASKING IN 6 DAYS Shelbourne — 416 Olde Village Lane — Hwy 89 / Greenwood

SOLD $355,000 OVER ASKING IN 4 DAYS — 37 Esker Dr — Heart Lake Rd/Sandalwood Pkwy

**FREE**

- ✓ Full MLS Services
- ✓ Consistently Marketing Your Property Until SOLD
- ✓ Staging Consultation
- ✓ Billboard, Flyer, Newspaper
- ✓ Online Promotion
- ✓ Professional Pictures and Virtual Tour
- ✓ Social media & Radio Advertisement
- ✓ Open House Until Sold
- ✓ Competitive Rates, Exceptional Service & Award Winning Results

RE/MAX Realty Specialists Inc. Brokerage (Independently Owned and Operated)
Off: 905-456-3232
*(Based on units sold & commissions)** *Some Conditions Apply.
*Seller* & Jag Aujla Broker of Re/max Realty Specialist Inc. must agree on the terms & conditions, closing date and listing price at the time of listing. Guaranteed Program only for Peel Region Homes Under $1 Million Price

Call JAG AUJLA DIR: 416-371-7777
MCNE, REAL ESTATE BROKER
NOT INTENDED TO SOLICIT BUYERS OR SELLER CURRENTLY UNDER CONTRACT
March 2022



## ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ

## ਅਵਤਾਰ ਸਿੰਘ ਟਿਵਾਣਾ



- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Avtar Singh Tiwana
Sales Representative

Tel: 905.793.5777    416.802.5866

31 Melanie Dr. Unit #4 Brampton, ON L6T 5H8

SOLD — $1,399,999 — CASTLEMORE/GOREWAY

ਬਰੈਂਪਟਨ ਵਿਚ ਬਹੁਤ ਹੀ ਸੋਹਣਾ ਅਤੇ ਸਾਫ ਸੁਥਰਾ 3500-5000 ਵਰਗ ਦਾ 4 ਬੈੱਡਰੂਮ ਅਤੇ 5 ਵਾਸ਼ਰੂਮ ਦਾ ਘਰ, ਫਿਨਿਸ਼ਡ ਬੇਸਮੈਂਟ ਵਿਚ ਕਿਚਨ ਅਤੇ ਸੈਪਰੇਟ ਐਂਟਰੈਂਸ, ਮੇਨ ਫਲੋਰ 'ਤੇ 9 ਫੁੱਟ ਦੀ ਸੀਲਿੰਗ,ਫਾਰਮਲ ਲਿਵਿੰਗ, ਡਾਈਨਿੰਗ ਅਤੇ ਫੈਮਿਲੀ ਰੂਮ, ਮੇਨ ਫਲੋਰ ਤੇ ਡੇਨ, ਅਪਗ੍ਰੇਡ ਕਿਚਨ ਅਤੇ ਗਰੇਨਾਈਟ ਕਾਊਂਟਰ ਟਾਪ, 2 ਫਰਿੱਜ, 2 ਸਟੋਵ, 1 ਡਿਸ਼ਵਾਸ਼ਰ, ਕੱਪੜੇ ਧੋਣ ਲਈ ਮੇਨ ਫਲੋਰ 'ਤੇ ਵਾਸ਼ਰ ਅਤੇ ਡਰਾਈਅਰ, 4 ਕਾਰ ਪਾਰਕਿੰਗ ਨਾਲ ਡਬਲ ਡੋਰ ਗਰਾਜ। ਸਾਰੀਆਂ ਸਹੂਲਤਾਂ ਦੇ ਨੇੜੇ

FOR SALE — $1,749,900 — 8337 ਗਲਫ ਲਾਈਨ

401 & ਗਲਫ ਲਾਈਨ ਏਰੀਆ ਵਿਚ 2.61 ਏਕੜ ਲਾਟ ਵਿਚ ਬਣਿਆ ਬਹੁਤ ਹੀ ਸੁੰਦਰ ਘਰ। ਜਿਸ ਵਿਚ 2 ਬੈਡਰੂਮ, 1 ਵਾਸ਼ਰੂਮ ਹੈ। ਆਪਣਾ ਮਨਪਸੰਦ ਦਾ ਕਸਟਮ ਡਰੀਮ ਹਾਊਸ ਬਣਾਉਣ ਲਈ ਪਰਮਿਟ ਅਪਰੂਵਡ। ਹਾਈਵੇ 410 ਅਤੇ ਟਾਊਨ ਆਫ ਮਿਲਟਨ ਦੇ ਨਜ਼ਦੀਕ। ਏਅਰਪੋਰਟ ਤੋਂ ਕੁਝ ਹੀ ਮਿੰਟਾਂ ਦੀ ਦੂਰੀ ਉਤੇ। ਹੋਰ ਜਿਆਦਾ ਜਾਣਕਾਰੀ ਲਈ ਕਾਲ ਕਰੋ: 416-802-5866

FOR SALE — $1,950,000 — 26 Yellow RomeRd

ਕੈਸਲਮੋਰ/ਗੋਰਵੇ
ਕੈਸਲਮੋਰ/ਗੋਰਵੇ ਦੇ ਏਰੀਆ ਵਿਚ ਬਹੁਤ ਹੀ ਸੁੰਦਰ ਫੁਲੀ ਅਪਗ੍ਰੇਡਡ ਘਰ। 4 ਬੈਡਰੂਮ ਵਿਦ ਇਨਸੂਟ ਅਤੇ ਵਾਕਇਨ ਕਲਾਜਿਟ, ਮਾਡਰਨ ਕਿਚਨ ਗ੍ਰੇਨਾਈਟ ਕਊਂਟਰ ਟਾਪ ਦੇ ਨਾਲ। 2 ਬੈਡਰੂਮਜ਼ ਦੀ ਫਿਨਿਸ਼ਡ ਬੇਸਮੈਂਟ ਵਿਦ ਸੈਪਰੇਟ ਐਂਟਰੈਂਸ, 6 ਵਾਸ਼ਰੂਮ, 2 ਫਰਿੱਜ, 2 ਸਟੋਵ, ਦੂਸਰੀ ਮੰਜ਼ਲ ਉਤੇ ਲਾਊਂਡਰੀ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ



jobs! jobs! jobs! jobs! jobs!

DUNDAS-JAFINE

## HELP WANTED

### ਕਾਮਿਆਂ ਦੀ ਲੋੜ

**ਜਨਰਲ ਲੇਬਰ ਦਾ ਕੰਮ ਉਪਲੱਬਧ ਹੈ**

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।

Afternoon and Midnight Shifts Available.

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੋਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
80 West Drive, Brampton

Apply In Person to complete application in the Shipping Department






FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

**SERVING FROM ALL LOCATIONS IN GTA AREA:**

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017